


# ਮਹਿਕ-ਏ-ਵਤਨ
# Mehak E wattan
Fortnightly Newspaper




Hardev Brar
Chief Editor


• Vol-III • Issue- 01 • Phone : +64,274-427-338 +64 9 3900004 • www.mehakewattan.com • January 2025



03 ਅਲਬਾਨੀਜ਼ ਨੇ ਆਸਟ੍ਰੇਲੀਆਈ ਚੋਣਾਂ ਨੂੰ ਲੈ ਕੇ ਐਲਨ ਮਸਕ ਨੂੰ ਦਿੱਤੀ ਚੇਤਾਵਨੀ



07 ਏਅਰ ਨਿਊਜ਼ੀਲੈਂਡ ਐਲਾਨੀ ਗਈ ਦੁਨੀਆ ਦੀ ਸਭ ਤੋਂ ਸੁਰੱਖਿਅਤ ਏਅਰਲਾਈਨ



12 ਅਦਾਕਾਰ ਚਿਰੰਜੀਵੀ ਨੇ PM ਮੋਦੀ ਨਾਲ ਮਨਾਇਆ ਮਕਰ ਸੰਕ੍ਰਾਂਤੀ ਦਾ ਤਿਉਹਾਰ



15 ਨਿਊਜ਼ੀਲੈਂਡ ਨੇ ਚੈਂਪੀਅਨਸ ਟਰਾਫੀ ਲਈ ਚੁਣੀ ਟੀਮ




## ਟਰੰਪ ਖ਼ਿਲਾਫ਼ ਜਾਂਚ ਕਰ ਰਹੇ ਵਿਸ਼ੇਸ਼ ਵਕੀਲ ਨੇ ਆਖੀ ਵੱਡੀ ਗੱਲ



ਵਾਸ਼ਿੰਗਟਨ- ਵਿਸ਼ੇਸ਼ ਵਕੀਲ ਜੈਕ ਸਮਿਥ ਨੇ ਇੱਕ ਨਵੀਂ ਰਿਪੋਰਟ ਵਿੱਚ ਕਿਹਾ ਕਿ 2020 ਦੀਆਂ ਰਾਸ਼ਟਰਪਤੀ ਚੋਣਾਂ ਨੂੰ ਉਲਟਾਉਣ ਦੀਆਂ ਡੋਨਾਲਡ ਟਰੰਪ ਦੀਆਂ ਕੋਸ਼ਿਸ਼ਾਂ ਦੀ ਜਾਂਚ ਕਰ ਰਹੀ ਉਨ੍ਹਾਂ ਦੀ ਟੀਮ 'ਕਾਨੂੰਨ ਦੇ ਸ਼ਾਸਨ ਲਈ ਖੜ੍ਹੀ ਰਹੀ' ਹੈ। ਇਸ ਰਿਪੋਰਟ ਵਿੱਚ ਟਰੰਪ ਦੇ ਸੱਤਾ ਵਿੱਚ ਬਣੇ ਰਹਿਣ ਦੇ ਯਤਨਾਂ ਬਾਰੇ ਉਸਦੀ ਟੀਮ ਦੇ ਸਿੱਟੇ ਸ਼ਾਮਲ ਹਨ। ਸਮਿਥ ਨੇ ਇਸ ਰਿਪੋਰਟ ਵਿੱਚ ਲਿਖਿਆ ਹੈ ਕਿ ਉਹ ਨਵੇਂ ਚੁਣੇ ਗਏ ਰਾਸ਼ਟਰਪਤੀ ਟਰੰਪ ਵਿਰੁੱਧ ਅਪਰਾਧਿਕ ਦੋਸ਼ ਦਾਇਰ ਕਰਨ ਦੇ ਆਪਣੇ ਫ਼ੈਸਲੇ 'ਤੇ ਦ੍ਰਿੜ ਹਨ।

ਆਗਾਮੀ 20 ਜਨਵਰੀ ਨੂੰ ਟਰੰਪ ਦੇ ਵ੍ਹਾਈਟ ਹਾਊਸ ਵਿਚ ਵਾਪਸੀ ਤੋਂ ਕੁਝ ਦਿਨ ਪਹਿਲਾਂ ਜਾਰੀ ਕੀਤੀ ਗਈ ਇਹ ਰਿਪੋਰਟ 2020 ਵਿੱਚ ਸੱਤਾ ਵਿੱਚ ਬਣੇ ਰਹਿਣ ਲਈ ਟਰੰਪ ਦੇ ਅਸਫਲ ਯਤਨਾਂ ਨੂੰ ਉਜਾਗਰ ਕਰਦੀ ਹੈ। ਟਰੰਪ ਦੀ ਚੋਣ ਜਿੱਤ ਕਾਰਨ ਮੁਕੱਦਮਾ ਰੱਦ ਕਰ ਦਿੱਤਾ ਗਿਆ, ਇਸ ਲਈ ਇਹ ਦਸਤਾਵੇਜ਼ ਅਮਰੀਕੀ ਇਤਿਹਾਸ ਦੇ ਇਸ ਕਾਲੇ ਅਧਿਆਇ ਦਾ ਨਿਆਂ ਵਿਭਾਗ ਦਾ ਆਖਰੀ ਬਿਰਤਾਂਤ ਹੋਣ ਦੀ ਉਮੀਦ ਹੈ ਜਿਸਨੇ ਸੱਤਾ ਦੇ ਸ਼ਾਂਤੀਪੂਰਨ ਤਬਾਦਲੇ ਵਿੱਚ ਵਿਘਨ ਪਾਉਣ ਦੀ ਧਮਕੀ ਦਿੱਤੀ ਸੀ। ਨਿਆਂ ਵਿਭਾਗ ਨੇ ਮੰਗਲਵਾਰ ਨੂੰ ਇਹ ਰਿਪੋਰਟ ਕਾਂਗਰਸ ਨੂੰ ਭੇਜ ਦਿੱਤੀ।

ਪਹਿਲਾਂ ਇੱਕ ਜੱਜ ਨੇ ਇਸਦੀ ਰਿਹਾਈ ਨੂੰ ਰੋਕਣ ਤੋਂ ਇਨਕਾਰ ਕਰ ਦਿੱਤਾ ਸੀ। ਟਰੰਪ ਦੇ ਚੋਣ ਨਤੀਜਿਆਂ ਨੂੰ ਉਲਟਾਉਣ ਦੀਆਂ ਕੋਸ਼ਿਸ਼ਾਂ ਦੇ ਜ਼ਿਆਦਾਤਰ ਵੇਰਵੇ ਪਹਿਲਾਂ ਹੀ ਜਾਣੇ ਜਾਂਦੇ ਹਨ, ਪਰ ਇਸ ਰਿਪੋਰਟ ਵਿੱਚ ਪਹਿਲੀ ਵਾਰ ਜਾਂਚ ਦਾ ਸਮਿਥ ਦਾ ਵਿਸਤ੍ਰਿਤ ਮੁਲਾਂਕਣ ਸ਼ਾਮਲ ਹੈ। ਇਹ ਰਿਪੋਰਟ ਸਮਿਥ ਨੂੰ ਟਰੰਪ ਅਤੇ ਉਸਦੇ ਸਹਿਯੋਗੀਆਂ ਦੀ ਆਲੋਚਨਾ ਤੋਂ ਵੀ ਬਚਾਉਂਦੀ ਹੈ ਜੋ ਕਹਿੰਦੇ ਹਨ ਕਿ ਜਾਂਚ ਰਾਜਨੀਤਿਕ ਹੈ। ਸਮਿਥ ਨੇ ਰਿਪੋਰਟ ਦੇ ਨਾਲ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੂੰ ਇੱਕ ਪੱਤਰ ਵੀ ਲਿਖਿਆ। ਇਸ ਵਿੱਚ ਉਨ੍ਹਾਂ ਕਿਹਾ, "ਅਸੀਂ ਕੇਸਾਂ ਨੂੰ ਸੁਣਵਾਈ ਲਈ ਨਹੀਂ ਲਿਆ ਸਕੇ, ਪਰ ਮੇਰਾ ਅਜੇ ਵੀ ਮੰਨਣਾ ਹੈ ਕਿ ਸਾਡੀ ਟੀਮ ਕਾਨੂੰਨ ਦੇ ਸ਼ਾਸਨ ਲਈ ਖੜ੍ਹੀ ਹੈ। ਮੇਰਾ ਮੰਨਣਾ ਹੈ ਕਿ ਸਾਡੀ ਟੀਮ ਨੇ ਨਿੱਜੀ ਹਿੱਤਾਂ ਨੂੰ ਪਾਸੇ ਰੱਖ ਕੇ ਅਤੇ ਨਿਆਂ ਲਈ ਲੜ ਕੇ ਦੂਜਿਆਂ ਲਈ ਇੱਕ ਮਿਸਾਲ ਕਾਇਮ ਕੀਤੀ ਹੈ।

## ਮਹਾਕੁੰਭ 'ਚ ਪਹੁੰਚਦੇ ਹੀ ਸਟੀਵ ਜੌਬਸ ਦੀ ਪਤਨੀ ਨੂੰ ਹੋਈ ਐਲਰਜੀ



ਮਹਾਕੁੰਭ ਇਸ਼ਨਾਨ ਦਾ ਅੱਜ ਦੂਜਾ ਦਿਨ ਹੈ। ਮਕਰ ਸੰਕ੍ਰਾਂਤੀ ਹੋਣ ਕਰਕੇ ਇਸ ਦਿਨ ਨੂੰ ਮਹਾਇਸ਼ਨਾਨ ਕਿਹਾ ਜਾਂਦਾ ਹੈ। ਇਸ ਦੌਰਾਨ ਐਪਲ ਦੇ ਸਹਿ-ਸੰਸਥਾਪਕ ਸਟੀਵ ਜੌਬਸ ਦੀ ਪਤਨੀ ਲੌਰੇਨ ਪਾਵੇਲ ਜੌਬਸ, ਜੋ ਕਲਪਾਵਾਸ ਲਈ ਵਿਦੇਸ਼ ਤੋਂ ਭਾਰਤ ਦੇ ਦੌਰੇ 'ਤੇ ਆਈ ਹੋਈ ਹੈ, ਦੀ ਸਿਹਤ ਅਚਾਨਕ ਵਿਗੜ ਗਈ। ਲੌਰੇਨ ਪਾਵੇਲ ਜੌਬਸ ਮਹਾਂਕੁੰਭ ਵਿੱਚ ਮੌਜੂਦ ਸੀ। ਇਸ ਦੌਰਾਨ ਸ਼ਰਧਾਲੂਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਉਸਨੂੰ ਐਲਰਜੀ ਹੋ ਗਈ ਅਤੇ ਉਹ ਇਸ਼ਨਾਨ ਨਹੀਂ ਕਰ ਸਕੀ। ਇਸ ਗੱਲ ਦੀ ਜਾਣਕਾਰੀ ਅਧਿਆਤਮਿਕ ਗੁਰੂ ਸਵਾਮੀ ਕੈਲਾਸ਼ਾਨੰਦ ਗਿਰੀ ਵਲੋਂ ਦਿੱਤੀ ਗਈ ਹੈ।

ਦੱਸ ਦੇਈਏ ਕਿ ਇਸ ਕ੍ਰਮ ਵਿੱਚ ਸ਼ੁੱਕਰਵਾਰ ਰਾਤ ਨੂੰ ਉਹ ਆਪਣੇ ਗੁਰੂ ਨਿਰੰਜਨੀ ਅਖਾੜੇ ਦੇ ਆਚਾਰੀਆ ਮਹਾਮੰਡਲੇਸ਼ਵਰ ਸਵਾਮੀ ਕੈਲਾਸ਼ਾਨੰਦ ਗਿਰੀ ਮਹਾਰਾਜ ਦੇ ਨਾਲ ਦੁਨੀਆ ਦੇ ਸਭ ਤੋਂ ਪੁਰਾਣੇ ਸ਼ਹਿਰ ਕਾਸ਼ੀ ਪਹੁੰਚੀ। ਸਵਾਮੀ ਕੈਲਾਸ਼ਾਨੰਦ ਗਿਰੀ ਨੇ ਕਿਹਾ, 'ਉਹਨਾਂ ਨੇ (ਲੌਰੇਨ ਪਾਵੇਲ ਜੌਬਸ) ਇਸ਼ਨਾਨ ਕਰਨਾ ਸੀ।

ਉਹ ਇਸ ਸਮੇਂ ਮੇਰੇ ਕੈਂਪ ਵਿੱਚ ਹੈ। ਉਹਨਾਂ ਦੇ ਹੱਥ ਵਿੱਚ ਥੋੜ੍ਹੀ ਜਿਹੀ ਐਲਰਜੀ ਹੋ ਗਈ। ਉਹ ਬਹੁਤ ਸਰਲ ਅਤੇ ਸਹਿਜ ਸੁਭਾਅ ਦੀ ਹੈ। ਉਹ ਕਦੇ ਇੰਨੀ ਭੀੜ ਵਿੱਚ ਨਹੀਂ ਰਹੀ। ਇਸੇ ਕਰਕੇ ਉਸ ਨੇ ਇਸ਼ਨਾਨ ਵੀ ਨਹੀਂ ਕੀਤਾ।

ਉਹ ਇਕੱਲੀ ਇਸ਼ਨਾਨ ਕਰੇਗੀ। ਆਪਣੀ ਖ਼ਰਾਬ ਸਿਹਤ ਦੇ ਬਾਵਜੂਦ ਉਹ ਸੰਗਮ ਵਿੱਚ ਡੁਬਕੀ ਲਗਾਏਗੀ। ਮੈਨੂੰ ਲੱਗਦਾ ਹੈ ਕਿ ਉਹ ਪੂਜਾ ਲਈ ਸਾਡੇ ਨਾਲ ਰੁੱਕੀ, ਰਾਤ ਦੀ ਪੂਜਾ ਵਿੱਚ ਸ਼ਾਮਲ ਹੋਈ। ਉਹ ਹਵਨ, ਪੂਜਾ ਅਤੇ ਅਭਿਸ਼ੇਕ ਕਰਨ ਲਈ ਸਾਡੇ ਨਾਲ ਰਹੇਗੀ ਅਤੇ ਸਾਡੇ ਕੈਂਪ ਵਿੱਚ ਆਰਾਮ ਕਰ ਰਹੀ ਹੈ।'

ਦੱਸ ਦੇਈਏ ਕਿ ਸਟੀਵ ਜੌਬਸ ਦੀ ਪਤਨੀ ਲੌਰੇਨ ਪਾਵੇਲ ਜੌਬਸ ਦਾ ਹਿੰਦੂ ਧਰਮ ਵਿੱਚ ਡੂੰਘਾ ਵਿਸ਼ਵਾਸ ਹੈ। ਉਹ ਨਿਰੰਜਨੀ ਅਖਾੜੇ ਨਾਲ ਸਬੰਧ ਰੱਖਦੀ ਹੈ। ਮਹਾਂਕੁੰਭ ਵਿੱਚ ਕੁੱਲ 13 ਅਖਾੜਿਆਂ ਨੇ ਹਿੱਸਾ ਲਿਆ ਹੈ, ਜਿਨ੍ਹਾਂ ਨੂੰ 3 ਸਮੂਹਾਂ ਵਿੱਚ ਵੰਡਿਆ ਗਿਆ ਹੈ - ਸੰਨਿਆਸੀ ਅਖਾੜਾ, ਬੈਰਾਗੀ ਅਖਾੜਾ ਅਤੇ ਉਦਾਸੀਨ ਅਖਾੜਾ। ਜੂਨਾ ਅਖਾੜਾ ਅਤੇ ਨਿਰੰਜਨੀ ਅਖਾੜਾ ਸਮੇਤ 7 ਅਖਾੜੇ ਸੰਨਿਆਸੀ ਸਮੂਹ ਦਾ ਹਿੱਸਾ ਹਨ।






## ਆਸਕਰ ਨਾਮਜ਼ਦਗੀਆਂ ਦਾ ਐਲਾਨ ਟਲਿਆ



ਨਿਊਯਾਰਕ - ਅਮਰੀਕਾ ਦੇ ਦੱਖਣੀ ਕੈਲੀਫੋਰਨੀਆ ਖੇਤਰ ਵਿੱਚ ਜੰਗਲ ਦੀ ਭਿਆਨਕ ਅੱਗ ਕਾਰਨ 97ਵੇਂ ਅਕੈਡਮੀ ਅਵਾਰਡਾਂ ਲਈ ਨਾਮਜ਼ਦਗੀਆਂ ਦਾ ਐਲਾਨ ਇੱਕ ਹਫ਼ਤੇ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਅਕੈਡਮੀ ਆਫ਼ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਜ਼ ਨੇ ਸੋਮਵਾਰ ਨੂੰ ਕਿਹਾ ਕਿ ਨਾਮਜ਼ਦਗੀਆਂ ਦਾ ਐਲਾਨ ਹੁਣ 23 ਜਨਵਰੀ ਨੂੰ ਕੀਤਾ ਜਾਵੇਗਾ।

ਅਕੈਡਮੀ ਦੇ ਸੀ.ਈ.ਓ ਬਿਲ ਕ੍ਰੈਮਰ ਅਤੇ ਅਕੈਡਮੀ ਦੇ ਪ੍ਰਧਾਨ ਜੈਨੇਟ ਯਾਂਗ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ, "ਅਸੀਂ ਸਾਰੇ ਅੱਗ ਦੇ ਪ੍ਰਭਾਵ ਅਤੇ ਸਾਡੇ ਭਾਈਚਾਰੇ ਵਿੱਚ ਇੰਨੇ ਸਾਰੇ ਲੋਕਾਂ ਨੂੰ ਹੋਏ ਭਾਰੀ ਨੁਕਸਾਨ ਤੋਂ ਹੈਰਾਨ ਹਾਂ।" ਅਕੈਡਮੀ ਹਮੇਸ਼ਾ ਫਿਲਮ ਇੰਡਸਟਰੀ ਵਿੱਚ ਇੱਕ ਏਕਤਾ ਦੀ ਸ਼ਕਤੀ ਰਹੀ ਹੈ ਅਤੇ ਅਸੀਂ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਇਕੱਠੇ ਖੜ੍ਹੇ ਹੋਣ ਲਈ ਵਚਨਬੱਧ ਹਾਂ।" ਲਾਸ ਏਂਜਲਸ ਖੇਤਰ ਵਿੱਚ ਅੱਗ ਅਜੇ ਵੀ ਸਰਗਰਮ ਹੋਣ ਦੇ ਨਾਲ ਅਕੈਡਮੀ ਨੇ ਆਪਣੇ ਮੈਂਬਰਾਂ ਲਈ ਨਾਮਜ਼ਦਗੀ ਵੋਟਿੰਗ ਖੋਲ੍ਹ ਦਿੱਤੀ ਹੈ। ਮਿਆਦ ਵੀ ਸ਼ੁੱਕਰਵਾਰ ਤੱਕ ਵਧਾ ਦਿੱਤੀ ਗਈ ਹੈ। ਅਸਲ ਵਿੱਚ ਨਾਮਜ਼ਦਗੀਆਂ ਦਾ ਐਲਾਨ ਉਸੇ ਸਵੇਰੇ ਕੀਤਾ ਜਾਣਾ ਸੀ। ਇਸ ਸਭ ਦੇ ਬਾਵਜੂਦ 97ਵਾਂ ਆਸਕਰ ਪੁਰਸਕਾਰ ਸਮਾਰੋਹ 2 ਮਾਰਚ ਨੂੰ ਡੌਲਬੀ ਥੀਏਟਰ ਵਿਖੇ ਆਯੋਜਿਤ ਹੋਵੇਗਾ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# ਯੂ.ਕੇ ਦੇ ਪ੍ਰਧਾਨ ਮੰਤਰੀ AI ‘ਤੇ ਮਸਕ ਨਾਲ ਕੰਮ ਕਰਨ ਲਈ ਤਿਆਰ



ਲੰਡਨ - ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਅਮਰੀਕੀ ਉੱਦਮੀ ਐਲੋਨ ਮਸਕ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੈ ਤਾਂ ਜੋ ਉਨ੍ਹਾਂ ਵਿਚਕਾਰ ਮਤਭੇਦਾਂ ਦੇ ਬਾਵਜੂਦ ਏ.ਆਈ. ਸੈਕਟਰ ਨੂੰ ਵਿਕਸਤ ਕੀਤਾ ਜਾ ਸਕੇ। ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਪੁੱਛਿਆ ਗਿਆ ਕਿ ਕੀ ਉਹ ਮਸਕ ਦੁਆਰਾ ਲੋਕਾਂ ਨੂੰ ਯੂਨਾਈਟਿਡ ਕਿੰਗਡਮ ਵਿੱਚ ਨਿਵੇਸ਼ ਕਰਨ ਤੋਂ ਰੋਕਣ ਬਾਰੇ ਚਿੰਤਤ ਹਨ?

ਇਸ ਦੇ ਜਵਾਬ ਵਿਚ ਸਟਾਰਮਰ ਨੇ ਕਿਹਾ,”ਅਸੀਂ ਇਸ ਖੇਤਰ ਵਿੱਚ ਕਿਸੇ ਨਾਲ ਵੀ ਕੰਮ ਕਰਾਂਗੇ, ਭਾਵੇਂ ਉਹ ਐਲੋਨ ਮਸਕ ਹੋਵੇ ਜਾਂ ਕੋਈ ਹੋਰ। ਅਸੀਂ ਇੱਕ ਅਜਿਹੀ ਸਰਕਾਰ ਹਾਂ ਜੋ ਅੀ ਦੇ ਮਾਮਲੇ ਵਿਚ ਨੰਬਰ ਇੱਕ ‘ਤੇ ਹੋਣ ਅਤੇ ਸਾਰਿਆਂ ਨਾਲ ਕੰਮ ਕਰਨ ‘ਤੇ ਕੇਂਦ੍ਰਿਤ ਹੈ।‘’

ਪਿਛਲੇ ਛੇ ਮਹੀਨਿਆਂ ਵਿੱਚ ਸਟਾਰਮਰ ਅਤੇ ਮਸਕ ਵਿਚਕਾਰ ਸਬੰਧ ਵਿਗੜ ਗਏ ਹਨ। ਉਨ੍ਹਾਂ ਵਿਚਕਾਰ ਦਰਾਰ ਦਾ ਤਾਜ਼ਾ ਮੋੜ 1990 ਦੇ ਦਹਾਕੇ ਤੋਂ 2010 ਦੇ ਦਹਾਕੇ ਦੇ ਮੱਧ ਤੱਕ ਯੂ.ਕੇ ਵਿੱਚ ਗੈਂਗਾਂ ਦੁਆਰਾ ਸੰਗਠਿਤ ਸਮੂਹਿਕ ਬਾਲ ਜਿਨਸੀ ਸ਼ੋਸ਼ਣ ਦੀ ਜਾਂਚ ਦੌਰਾਨ ਆਇਆ।

ਜਨਵਰੀ ਦੇ ਸ਼ੁਰੂ ਵਿੱਚ ਮਸਕ ਨੇ ਯੂ.ਕੇ ਦੇ ਪ੍ਰਧਾਨ ਮੰਤਰੀ ‘ਤੇ ਗਿਰੋਹਾਂ ਦੁਆਰਾ ਕੁੜੀਆਂ ਨਾਲ ਸਮੂਹਿਕ ਬਲਾਤਕਾਰ ਦੇ ਘੁਟਾਲੇ ਵਿੱਚ “ਡੂੰਘੀ ਤਰ੍ਹਾਂ ਸ਼ਾਮਲ” ਹੋਣ ਦਾ ਦੋਸ਼ ਲਗਾਇਆ, ਇਹ ਦੱਸਦੇ ਹੋਏ ਕਿ ਸਟਾਰਮਰ 2008-2013 ਤੱਕ ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ ਦੇ ਮੁਖੀ ਸਨ, ਜਦੋਂ ਬਲਾਤਕਾਰ ਹੋ ਰਹੇ ਸਨ।













## ਅਲਬਾਨੀਜ਼ ਨੇ ਆਸਟ੍ਰੇਲੀਆਈ ਚੋਣਾਂ ਨੂੰ ਲੈ ਕੇ ਐਲਨ ਮਸਕ ਨੂੰ ਦਿੱਤੀ ਚੇਤਾਵਨੀ





ਸਿਡਨੀ- ਐਂਥਨੀ ਅਲਬਾਨੀਜ਼ ਨੇ ਐਲਨ ਮਸਕ ਨੂੰ ਆਸਟ੍ਰੇਲੀਆ ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਦਖਲ ਨਾ ਦੇਣ ਦੀ ਚੇਤਾਵਨੀ ਦਿੱਤੀ ਹੈ। ਸਮਾਚਾਰ ਏਜੰਸੀ ਨਾਈਨ ਨਿਊਜ਼ਪੇਪਰਜ਼ ਨਾਲ ਇੱਕ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਤੋਂ ਦੁਨੀਆ ਦੇ ਸਭ ਤੋਂ ਅਮੀਰ ਆਦਮੀ ਦੀ ਅੰਤਰਰਾਸ਼ਟਰੀ ਚੋਣਾਂ ਵਿੱਚ ਦਖ਼ਲਅੰਦਾਜ਼ੀ ਕਰਨ ਦੀ ਪ੍ਰਵਿਰਤੀ ਬਾਰੇ ਪੁੱਛਿਆ ਗਿਆ ਸੀ।

ਅਲਬਾਨੀਜ਼ ਨੇ ਕਿਹਾ,"ਸਾਡੇ ਕੋਲ ਇਸ ਦੇਸ਼ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਕਾਨੂੰਨ ਹਨ ਅਤੇ ਆਸਟ੍ਰੇਲੀਆਈ ਚੋਣਾਂ ਆਸਟ੍ਰੇਲੀਆਈ ਲੋਕਾਂ ਦਾ ਮਾਮਲਾ ਹੈ।" ਅਲਬਾਨੀਜ਼ ਨੇ ਅੱਗੇ ਕਿਹਾ,"ਮੇਰਾ ਇਸ ਬਾਰੇ ਟਿੱਪਣੀ ਕਰਨ ਦਾ ਕੋਈ ਇਰਾਦਾ ਨਹੀਂ ਹੈ ਕਿ ਵਿਦੇਸ਼ਾਂ ਵਿੱਚ ਲੋਕ ਕੀ ਕਰਨਾ ਚਾਹੁੰਦੇ ਹਨ। ਲੋਕ ਆਪਣੇ ਫ਼ੈਸਲੇ ਖੁਦ ਲੈਣਗੇ ਅਤੇ ਇਸ ਬਾਰੇ ਆਪਣੇ ਵਿਚਾਰ ਰੱਖਣਗੇ।" ਉਨ੍ਹਾਂ ਦੀਆਂ ਟਿੱਪਣੀਆਂ ਅਜਿਹੇ ਸਮੇਂ ਵਿਚ ਆਈਆਂ ਹਨ ਜਦੋਂ ਮਸਕ ਦੁਨੀਆ ਭਰ ਦੇ ਰੂੜੀਵਾਦੀ ਸਿਆਸਤਦਾਨਾਂ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਦੌਲਤ ਅਤੇ ਪ੍ਰਭਾਵ ਦੀ ਵਰਤੋਂ ਕਰ ਰਿਹਾ ਹੈ।

ਮਸਕ ਨੇ ਐਕਸ, ਪਹਿਲਾਂ ਟਵਿੱਟਰ 'ਤੇ ਦਰਜਨਾਂ ਪੋਸਟਾਂ ਵਿੱਚ ਯੂ.ਕੇ ਦੀ ਲੇਬਰ ਪਾਰਟੀ ਨੂੰ ਤਥਾਕਥਿਤ "ਬਲਾਤਕਾਰ ਗਿਰੋਹਾਂ" ਨਾਲ ਵੀ ਜੋੜਿਆ ਹੈ।

## ਆਸਟ੍ਰੇਲੀਆ ਅੱਗ ਬੁਝਾਉਣ ਲਈ ਅਮਰੀਕਾ ਨੂੰ ਸਹਾਇਤਾ ਭੇਜਣ ਲਈ ਤਿਆਰ



ਕੈਨਬਰਾ - ਆਸਟ੍ਰੇਲੀਆ ਅਮਰੀਕਾ ਦੇ ਜੰਗਲਾਂ ਦੀ ਅੱਗ ਨੂੰ ਕਾਬੂ ਕਰਨ ਵਿੱਚ ਅਧਿਕਾਰੀਆਂ ਦੀ ਮਦਦ ਕਰਨ ਲਈ ਤਿਆਰ ਹੈ। ਸਕਾਈ ਨਿਊਜ਼ ਆਸਟ੍ਰੇਲੀਆ ਨੇ ਸ਼ੁੱਕਰਵਾਰ ਨੂੰ ਐਮਰਜੈਂਸੀ ਪ੍ਰਬੰਧਨ ਮੰਤਰੀ ਜੈਨੀ ਮੈਕਐਲਿਸਟਰ ਦੇ ਹਵਾਲੇ ਨਾਲ ਇਸ ਸਬੰਧੀ ਜਾਣਕਾਰੀ ਦਿੱਤੀ। ਮੈਕਐਲਿਸਟਰ ਨੇ ਕਿਹਾ ਕਿ ਸੰਘੀ ਸਰਕਾਰ ਨੇ ਕੂਟਨੀਤਕ ਚੈਨਲਾਂ ਰਾਹੀਂ ਸੰਯੁਕਤ ਰਾਜ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਹੈ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ ਆਸਟ੍ਰੇਲੀਆ ਲੋੜ ਪੈਣ 'ਤੇ ਅੱਗ ਬੁਝਾਉਣ ਵਿੱਚ ਸਹਾਇਤਾ ਕਰਨ ਲਈ ਤਿਆਰ ਹੈ। ਉਸਨੇ ਕਿਹਾ ਕਿ ਸਾਨੂੰ ਅਜੇ ਤੱਕ ਸਹਾਇਤਾ ਲਈ ਕੋਈ ਜਵਾਬ ਨਹੀਂ ਮਿਲਿਆ ਹੈ ਪਰ ਬੇਸ਼ੱਕ ਹਮੇਸ਼ਾ ਵਾਂਗ ਅਸੀਂ ਸਹਾਇਤਾ ਕਰਨ ਲਈ ਤਿਆਰ ਹਾਂ। ਆਸਟ੍ਰੇਲੀਆ ਕੋਲ ਇਸ ਸਮੇਂ ਆਪਣੇ ਸਥਾਈ ਹਵਾਈ ਅੱਗ ਬੁਝਾਉਣ ਦੇ ਬੇੜੇ ਵਿਚ ਇੱਕ ਵੱਡਾ ਏਅਰ ਟੈਂਕਰ (LAT) ਜਹਾਜ਼ - ਇੱਕ ਬੋਇੰਗ 737 ਫਾਇਰਲਾਈਨਰ ਹੈ, ਜੋ ਉਹ ਹਰ ਸਾਲ ਉੱਤਰੀ ਅਮਰੀਕਾ ਤੋਂ ਹਰ ਵਾਰ ਛੇ ਸਾਲ ਲਈ ਕਿਰਾਏ 'ਤੇ ਲੈਂਦਾ ਹੈ। ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਲਾਸ ਏਂਜਲਸ ਕਾਉਂਟੀ ਵਿੱਚ ਲੱਗੀ ਬੇਕਾਬੂ ਜੰਗਲੀ ਅੱਗ ਵਿੱਚ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਹਜ਼ਾਰਾਂ ਘਰ ਨੁਕਸਾਨੇ ਗਏ ਹਨ ਜਾਂ ਤਬਾਹ ਹੋ ਗਏ ਹਨ।

Fortnightly Newspaper

•Issue-01 • January 2025
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

### ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ



ਉਪਰਾਮ ਹੋ ਗਿਆ। ਸ਼ਹਿਜ਼ਾਦਾ ਸਾਹਿਬ ਨੇ ਜਾਤਾ ਕਿ ਚੂੰਕਿ ਇਹ ਘੋੜਾ ਯਾਰ ਮੁਹੰਮਦ ਖ਼ਾਨ ਦੇ ਹੋਰਨਾਂ ਘੋੜਿਆਂ ਨਾਲ ਹਿਲਿਆ ਮਿਲਿਆ ਹੋਇਆ ਸੀ, ਉਨ੍ਹਾਂ ਦੇ ਵਿਛੋੜੇ ਦੇ ਕਾਰਨ ਉਦਾਸ ਹੈ। ਦੂਜਾ ਇਸ ਦੇ ਘਾਹ ਪੱਠਾ ਖਾਣਾ ਤਿਆਗ ਦਿੱਤਾ ਸੀ, ਐਸਾ ਨਾ ਹੋਵੇ ਕਿ ਲੈਲੀ ਮਾੜਾ ਹੋ ਜਾਏ, ਇਸ ਨੂੰ ਯਾਰ ਮੁਹੰਮਦ ਖ਼ਾਨ ਦੇ ਪਾਸ ਭਿਜਵਾ ਦਿੱਤਾ ਤਾਂ ਕਿ ਜਦ ਲਾਹੌਰ ਵੱਲ ਕੂਚ ਕਰਾਂਗੇ ਤਾਂ ਓਸੇ ਦਿਨ ਲੈਲੀ ਨੂੰ ਲੈ ਜਾਵਾਂਗੇ।

### ਧੰਨਪਤ ਰਾਏ ਦੀ ਕੁਟਲ ਚਾਲ

ਇਹ ਗੱਲ ਹੁਣ ਸਭ ਥਾਈਂ ਖਿੱਲਰ ਗਈ ਕਿ ਯਾਰ ਮੁਹੰਮਦ ਖ਼ਾਨ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਲੈਲੀ ਦੇ ਦਿੱਤਾ ਹੈ। ਦੀਵਾਨ ਧੰਨਪਤ ਰਾਏ ਨੇ ਸ਼ਾਇਦ ਵਿਚਾਰ ਕੇ ਕਿ ਕੁਝ ਸਮਾਂ ਪਹਿਲਾਂ ਮਹਾਰਾਜਾ ਸਾਹਿਬ ਨੇ ਇਸ ਘੋੜੇ ਦੀ ਪ੍ਰਾਪਤੀ ਲਈ ਕੰਵਰ ਖੜਗ ਸਿੰਘ ਨੂੰ ਏਧਰ ਭੇਜਿਆ ਸੀ ਪਰ ਉਹ ਲੈਲੀ ਨੂੰ ਨਹੀਂ ਸੀ ਲੈ ਸਕਿਆ। ਜੇ ਹੁਣ ਕੰਵਰ ਸ਼ੇਰ ਸਿੰਘ ਇਸ ਕਾਰਜ ਵਿਚ ਸਫ਼ਲ ਹੋ ਗਿਆ ਤਾਂ ਮੇਰੇ ਮਾਲਕ[1] ਦੀ ਬੜੀ ਹੋਈ ਹੇਠੀ ਹੋਵੇਗੀ। ਇਸ ਸਮੇਂ ਇਸ ਨੂੰ ਇੱਕ ਐਸੀ ਅਯੋਗ ਸੋਚ ਸੁੱਝੀ ਜਿਸ ਨਾਲ ਬਣੀ ਗੱਲ ਵਿਗੜ ਗਈ ਅਰਥਾਤ ਦੀਵਾਨ ਨੇ ਅਗਲੀ ਰਾਤ ਹਨੇਰੇ ਵਿਚ ਚੁੱਪ-ਚਾਪ, ਬਿਨਾਂ ਕਿਸੇ ਕਾਰਨ ਯਾਰ ਮੁਹੰਮਦ ਖ਼ਾਨ ਦੇ 'ਗ਼ੁਲਾਮਖ਼ਾਨੇ'[2] ਪਰ ਹੱਲਾ ਬੋਲ ਕੇ ਕਈ ਆਦਮੀ ਮਾਰ ਦਿੱਤੇ, ਕਈਆਂ ਨੂੰ ਫੱਟੜ ਕਰ ਦਿੱਤਾ ਅਤੇ ਨਾਲ ਹੀ ਇਨ੍ਹਾਂ ਦਾ ਕੁਝ ਮਾਲ ਮਤਾ ਵੀ ਲੁੱਟ ਲਿਆ।

ਸਰਦਾਰ ਯਾਰ ਮੁਹੰਮਦ ਖ਼ਾਨ ਨੂੰ ਦੀਵਾਨ ਧੰਨਪਤ ਰਾਏ ਦੇ ਇਸ ਕਰਤੱਵ ਤੋਂ ਬੜਾ ਭੁਲੇਖਾ ਲੱਗਾ ਅਤੇ ਉਸ ਸਮਝਿਆ ਕਿ ਦੀਵਾਨ ਨੇ ਜੋ ਕੁਝ ਕੀਤਾ ਹੈ ਉਸ ਸ਼ਹਿਜ਼ਾਦੇ ਦੀ ਇੱਛਾ ਅਨੁਸਾਰ ਹੋਇਆ ਹੋਣਾ ਹੈ। ਜੇ ਅੱਜ ਮੇਰਾ ਗ਼ੁਲਾਮਖ਼ਾਨਾ ਲੁੱਟਿਆ ਗਿਆ ਹੈ ਤਾਂ ਕੱਲ੍ਹ ਸਾਡੇ ਮਹੱਲਾਂ ਦੀ ਬੇਪਤੀ ਕੀਤੀ ਜਾਏਗੀ। ਇਸ ਅਧੀਰਜ ਵਿਚ ਉਹ ਰਾਤੋ-ਰਾਤ ਸਣੇ ਆਪਣੀਆਂ ਬੇਗਮਾਂ ਅਤੇ ਜ਼ਰੂਰੀ ਜ਼ਰੂਰੀ ਸਾਮਾਨ ਅਤੇ ਲੈਲੀ ਦੇ ਪਿਸ਼ਾਵਰ ਤੋਂ ਭੱਜ ਕੇ ਇਲਾਕਾ ਯੂਸਫ਼ਜ਼ਈ ਵਿਚ ਜਾ ਪੁੱਜਾ।

ਕੰਵਰ ਸ਼ੇਰ ਸਿੰਘ ਨੂੰ ਜਦ ਦੀਵਾਨ ਦੇ ਇਸ ਅਤਿ ਨਿੰਦਤ ਕਰਮ ਦਾ ਪਤਾ ਲੱਗਾ ਤਾਂ ਆਪ ਦੀਵਾਨ ਪਰ ਅਤਿਅੰਤ ਨਾਰਾਜ਼ ਹੋਏ ਅਤੇ ਉਸੇ ਸਮੇਂ ਉਸ ਨੂੰ ਫੜ ਕੇ ਕਰੜੀ ਨਜ਼ਰਬੰਦੀ ਵਿਚ ਪਾ ਦਿੱਤਾ। ਅਗਲੇ ਦਿਨ ਦੀਵਾਨ ਧੰਨਪਤ ਰਾਏ ਦੀ ਇਸ ਅਸਭਿਅਤ ਕਿਰਤ ਦਾ ਸਵਿਸਥਾਰ ਸਮਾਚਾਰ ਲਿਖ ਕੇ ਉਸ ਨੇ ਆਪਣੇ ਪਿਤਾ ਦੇ ਪਾਸ ਲਾਹੌਰ ਭਿਜਵਾ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਨੇ ਜਦ ਦੀਵਾਨ ਧੰਨਪਤ ਰਾਏ ਬਾਰੇ ਸ਼ਹਿਜ਼ਾਦੇ ਦੀ ਭੇਜੀ ਹੋਈ ਸਾਰੀ ਵਿਥਿਆ ਪੜ੍ਹੀ ਤਾਂ ਆਪ ਦਾ ਟਿਕਿਆ ਹੋਇਆ ਮਨ ਐਸਾ ਬੇਵਸਾ ਜਿਹਾ ਹੋ ਗਿਆ ਕਿ ਸਰਕਾਰ ਨੇ ਆਪਣੇ ਸੁਭਾਅ ਦੇ ਵਿਰੁੱਧ ਉੱਠ ਕੇ ਜੋਸ਼ ਨਾਲ ਧੰਨਪਤ ਰਾਏ ਦੇ ਮੂੰਹ ਪਰ ਆਪਣੇ ਹੱਥ ਨਾਲ ਕਈ ਚਪੇੜਾਂ ਮਾਰੀਆਂ ਤੇ 20,000 ਰੁਪਿਆ ਉਸ ਪਰ ਜੁਰਮਾਨਾ ਕੀਤਾ।[1] ਲਤੀਫ਼ ਦੀ ਇਸ ਬਾਰੇ ਅਸਲ ਲਿਖਤ ਇਹ ਹੈ: –

The Maharaja was so much displeased with Dhanpat Rai that he dealt him several blows on the face with his own hand, and sentenced him to mulet of twenty thousand rupees.

### ਘਟਨਾ ਵਿਚੋਂ ਘਟਨਾ
### ਲੈਲੀ ਨੂੰ ਗ਼ਾਜ਼ੀ ਲੁੱਟ ਕੇ ਲੈ ਗਏ

ਜਿਹਾ ਕਿ ਅਸੀਂ ਉਪਰ ਲਿਖ ਆਏ ਹਾਂ ਅਭਾਗਾ ਸਰਦਾਰ ਯਾਰ ਮੁਹੰਮਦ ਖ਼ਾਨ ਜਿਸ ਭੈ ਅਤੇ ਭੁਲੇਖੇ ਵਿਚ ਪਿਸ਼ਾਵਰ ਤੋਂ ਭੱਜ ਕੇ ਇਲਾਕਾ ਯੂਸਫ਼ਜ਼ਈ, ਸਵਾਬੀ ਵੱਲ ਚਲਾ ਗਿਆ ਸੀ, ਠੀਕ ਇਨ੍ਹਾਂ ਦਿਨਾਂ ਵਿਚ ਸੱਯਦ ਐਹਮਦ ਬਰੇਲਵੀ, ਸਵਾਬੀ ਦੇ ਲਾਗਲੇ ਪਰਗਨੇ ਵਿਚ ਖ਼ਾਲਸੇ ਦੇ ਵਿਰੁੱਧ ਜਹਾਦ ਦੀ ਵਿਖ ਖਿਲਾਰ ਰਿਹਾ ਸੀ। ਇਸ ਨੂੰ ਜਦ ਪਤਾ ਲੱਗਾ ਕਿ ਯਾਰ ਮੁਹੰਮਦ ਖ਼ਾਨ ਗਵਰਨਰ ਪਿਸ਼ਾਵਰ ਏਧਰ ਆਇਆ ਹੈ ਤਾਂ ਇਸ ਨੂੰ ਪੂਰਾ ਭਰੋਸਾ ਹੋ ਗਿਆ ਕਿ ਇਸ ਨੂੰ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਜੋ ਇਸ ਸਮੇਂ ਆਪ ਪਿਸ਼ਾਵਰ ਵਿਚ ਟਿਕਿਆ ਹੋਇਆ ਹੈ, ਮੈਨੂੰ ਫੜਨ ਲਈ ਜਾਂ ਮੇਰੀ ਹੱਤਿਆ ਲਈ ਏਧਰ ਭੇਜਿਆ ਹੈ।

ਸੱਯਦ ਨੇ ਇਸੇ ਭਰਮ ਵਿਚ ਅਗਲੀ ਰਾਤ ਨੂੰ ਮੌਜ਼ਾ ਜ਼ੇਦੇ ਦੇ ਲਾਗੇ ਇਸ ਦੇ ਡੇਰੇ ਪਰ ਛਪੋਲ ਮਾਰਿਆ। ਅੱਗੇ ਬਾਰਕਜ਼ਈ ਵੀ ਚੰਗੇ ਡਟ ਕੇ ਲੜੇ ਪਰ ਯਾਰ ਮੂੰਹਮਦ ਖ਼ਾਨ ਨੂੰ ਇਸ ਸਮੇਂ ਇਕ ਕਾਰੀ ਸੱਟ ਲੱਗਣ ਦੇ ਕਾਰਨ ਇਸ ਦੇ ਆਦਮੀਆਂ ਹਥਿਆਰ ਸੁੱਟ ਦਿੱਤੇ ਅਤੇ ਸੱਯਦ ਦੇ ਮੁਰੀਦਾਂ ਨੇ ਇਸ ਦੇ ਡੇਰੇ ਦਾ ਬਹੁਤ ਸਾਰਾ ਸਮਾਨ ਅਤੇ ਘੋੜੇ ਆਦਿ ਲੁੱਟ ਲਏ।

ਕਰਤਾਰ ਦੀ ਅਸਚਰਜ ਕੁਦਰਤ ਇਸ ਸਮੇਂ ਇਹ ਵਰਤੀ ਕਿ ਯਾਰ ਮੁਹੰਮਦ ਖ਼ਾਨ ਦੇ ਸਾਰੇ ਘੋੜੇ ਸਣੇ ਲੈਲੀ ਦੇ ਗਾਜ਼ੀਆਂ ਨੇ ਲੁੱਟ ਲਏ ਪਰ ਸੰਯੋਗ ਨਾਲ ਲੈਲੀ ਗਾਜ਼ੀਆਂ ਦੇ ਕਾਬੂ ਵਿੱਚੋਂ ਭੱਜ ਨਿਕਲਿਆ ਅਤੇ ਅਗਲੀ ਸਵੇਰ ਨੂੰ ਯਾਰ ਮੁਹੰਮਦ ਖਾਨ ਦੇ ਨੌਕਰਾਂ ਲੈਲੀ ਨੂੰ ਖੁੱਲ੍ਹਾ ਭੱਜਦਾ ਦੇਖ ਕੇ ਉਸ ਨੂੰ ਸਿਵਾਣ ਲਿਆ ਅਤੇ ਪਿੱਛਾ ਕਰਕੇ ਫੜ ਲਿਆ। ਇਸ ਤਰ੍ਹਾਂ ਘੋੜਾ ਯਾਰ ਮੁਹੰਮਦ ਖ਼ਾਨ ਨੂੰ ਮਿਲ ਗਿਆ। ਸੁਲਤਾਨ ਮੁਹੰਮਦ ਖ਼ਾਨ ਤੇ ਪੀਰ ਮੁਹੰਮਦ ਖ਼ਾਨ ਆਪਣੇ ਵੱਡੇ ਭਰਾ ਯਾਰ ਮੁਹੰਮਦ ਖ਼ਾਨ ਦੀ ਫੱਟੜ ਦੇਹ ਚੁਕਵਾ ਕੇ ਪਿੱਛੇ ਪਰਤ ਰਹੇ ਸਨ ਤਾਂ ਮੌਜ਼ਾ ਤੋਰਡੇਰ ਦੇ ਲਾਗੇ ਸਰਦਾਰ ਯਾਰ ਮੁਹੰਮਦ ਖ਼ਾਨ ਫੱਟਾਂ ਦੀ ਪੀੜ ਦੇ ਕਾਰਨ ਮਰ ਗਿਆ।

ਹੁਣ ਸੁਲਤਾਨ ਮੁਹੰਮਦ ਖ਼ਾਨ ਸਣੇ ਆਪਣੇ ਭਰਾ ਦੀ ਮ੍ਰਿਤਕ ਦੇਹ ਅਤੇ ਲੈਲੀ ਨਾਲ ਪਿਸ਼ਾਵਰ ਪੁੱਜਾ ਅਤੇ ਆਪਣੇ ਭਰਾ ਦੀ ਭੁੱਲ ਲਈ ਸ਼ਹਿਜ਼ਾਦਾ ਸ਼ੇਰ ਸਿੰਘ ਤੋਂ ਖਿਮਾ ਮੰਗੀ।

### ਲੈਲੀ ਮੁੜ ਕੰਵਰ ਸ਼ੇਰ ਸਿੰਘ ਦੀ ਹਜ਼ੂਰੀ ਵਿਚ

ਸੁਲਤਾਨ ਮੁਹੰਮਦ ਖ਼ਾਨ ਨੇ ਆਪਣੇ ਭਰਾ ਦੀ ਲੋਥ ਨੂੰ ਪਿਸ਼ਾਵਰ ਵਿਚ ਆਪਣੇ ਮਕਬਰੇ ਵਿਚ ਦਬਾ ਦਿੱਤਾ। ਇਸ ਤੋਂ ਬਾਅਦ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਪਿਸ਼ਾਵਰ ਦੇ ਮੁਖੀਆਂ ਦਾ ਇਕ ਜਿਰਗਾ ਬੁਲਵਾਇਆ ਜਿਸ ਵਿਚ ਯਾਰ ਮੁਹੰਮਦ ਖ਼ਾਨ ਦੇ ਭਰਾ ਅਤੇ ਹੋਰ ਸੰਬੰਧੀ ਵੀ ਸਨ ਜਿਨ੍ਹਾਂ ਨੂੰ ਸ਼ਹਿਜ਼ਾਦਾ ਸਾਹਿਬ ਨੇ ਖੋਲ੍ਹ ਕੇ ਦੱਸਿਆ ਕਿ ਧੰਨਪਤ ਰਾਏ ਨੇ ਆਪਣੀ ਮੰਦ ਭਾਵਨਾ ਨਾਲ ਜੋ ਕੁਝ ਕੀਤਾ ਸੀ ਉਸਦਾ ਸਾਡੇ ਮਨ ਵਿਚ ਇਸ ਤਰ੍ਹਾਂ ਦੇ ਅਯੋਗ ਵਰਤਾਵ ਦਾ ਫੁਰਨਾ ਵੀ ਨਹੀਂ ਸੀ ਫੁਰਿਆ।

ਦੀਵਾਨ ਨੂੰ ਆਪਣੇ ਨੀਚ ਕਰਮ ਦੀ ਪੂਰੀ ਪੂਰੀ ਸਜ਼ਾ ਸਾਡੇ ਨਿਯਾਂਕਾਰ ਮਹਾਰਾਜਾ ਸਾਹਿਬ ਨੇ ਦੇ ਦਿੱਤੀ ਹੈ। ਇਸ ਲਈ ਤੁਸੀਂ ਆਪਣੇ ਵਿਚੋਂ ਇਹ ਸ਼ੰਕਾ ਕੱਢ ਦੇਵੋ ਕਿ ਖ਼ਾਲਸਾ ਕਿਸੇ ਪਰ ਧੱਕਾ ਕਰਦਾ ਹੈ। ਇਸ ਦੇ ਉਪਰੰਤ ਸੁਲਤਾਨ ਮੁਹੰਮਦ ਖ਼ਾਨ ਨੇ ਸ਼ਹਿਜ਼ਾਦਾ ਸਾਹਿਬ ਦੀ ਹਜ਼ੂਰੀ ਵਿਚ ਬੇਨਤੀ ਕੀਤੀ ਕਿ ਉਸ ਨੂੰ ਆਪਣੇ ਵੱਡੇ ਭਰਾ ਦੀ ਥਾਂ ਪਿਸ਼ਾਵਰ ਦੀ ਗਵਰਨਰੀ ਬਖ਼ਸ਼ੀ ਜਾਏ, ਉਹ ਸਾਰੀਆਂ ਸ਼ਰਤਾਂ ਸਰਕਾਰ ਦੀਆਂ ਮਾਣ ਸਮਝਕੇ ਸਦਾ ਪੂਰੀਆਂ ਕਰਦਾ ਰਹੇਗਾ। ਇਸ ਸ਼ੁਕਰਗੁਜਾਰੀ ਦੇ ਬਦਲੇ ਲੈਲੀ ਸ਼ੇਰਿ ਪੰਜਾਬ ਦੀ ਸਵਾਰੀ ਲਈ ਆਪ ਦੀ ਭੇਟਾ ਕਰਦਾ ਹਾਂ। ਕੰਵਰ ਸਾਹਿਬ ਨੇ ਸੁਲਤਾਨ ਮੁਹੰਮਦ ਖ਼ਾਨ ਨੂੰ ਪਿਸ਼ਾਵਰ ਦੀ ਗਵਰਨਰੀ ਲਈ ਵਧਾਈ ਦਿੱਤੀ ਅਤੇ ਉਸਦਾ ਬਿਨੈ-ਪੱਤਰ ਮਹਾਰਾਜਾ ਸਾਹਿਬ ਦੀ ਛੇਕੜਲੀ ਪ੍ਰਵਾਨਗੀ ਲਈ ਲਾਹੌਰ ਭੇਜ ਦਿੱਤਾ।

### ਸ਼ਹਿਜ਼ਾਦੇ ਦਾ ਲਾਹੌਰ ਪਹੁੰਚਣ

ਉਪਰੋਕਤ ਪ੍ਰਵਾਨਗੀ ਦੇ ਉਪਰੰਤ ਜਦ ਸੁਲਤਾਨ ਮੁਹੰਮਦ ਖ਼ਾਨ ਆਪਣੇ ਪੱਕੇ ਪੈਰਾਂ ਪਰ ਹੋ ਗਿਆ ਤਾਂ ਸ਼ਹਿਜ਼ਾਦਾ ਸਾਹਿਬ ਨੇ ਫ਼ੌਜ ਨੂੰ ਤਾਂ ਜਹਾਂਗੀਰ ਦੇ ਕਿਲ੍ਹੇ ਵਿਚ ਰੱਖਿਆ ਲਈ ਉਥੇ ਹੀ ਰਹਿਣ ਦਿੱਤਾ ਅਤੇ ਆਪ ਸਣੇ ਲੈਲੀ ਘੋੜੇ ਦੇ ਲਾਹੌਰ ਪਰਤ ਆਏ। ਕੰਵਰ ਸਾਹਿਬ ਨੇ ਜਦ ਲੈਲੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਕੀਤਾ ਤਾਂ ਮਹਾਰਾਜਾ ਸਾਹਿਬ ਜੋ ਘੋੜਿਆਂ ਦੇ ਅਦੁੱਤੀ ਪਾਰਖੂ ਸਨ, ਇਸ ਘੋੜੇ ਦੇ ਸੁਹੱਪਣ ਨੂੰ ਦੇਖ ਕੇ ਕਾਦਰ ਦੀ ਸਾਜਨਾ ਤੋਂ ਵਾਰਨੇ-ਵਾਰਨੇ ਹੋ ਗਏ। ਇਸ ਸਮੇਂ ਆਪ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ। ਇਸ ਸਫ਼ਲਤਾ ਲਈ ਸ਼ੇਰਿ ਪੰਜਾਬ ਨੇ ਆਪਣੇ ਸੁੱਘੜ ਤੇ ਬਹਾਦਰ ਪੁੱਤਰ ਨੂੰ ਹੋਰ ਜਾਗੀਰ ਬਖ਼ਸ਼ੀ।

### ਕੁਦਰਤ ਦਾ ਚਮਤਕਾਰ

ਜਿਹਾ ਕਿ ਪਾਠਕ ਉੱਪਰ ਪੜ੍ਹ ਆਏ ਹਨ ਜ਼ੇਦੇ ਦੇ ਸੰਗਰਾਮ ਵਿਚ ਲੈਲੀ ਸੱਯਦ ਅਹਿਮਦ ਦੇ ਗ਼ਾਜ਼ੀਆਂ ਦੇ ਹੱਥ ਚੜ੍ਹ ਗਿਆ ਸੀ ਪਰ ਇਹ ਦੇਖ ਕੇ ਹੈਰਾਨ ਹੋ ਜਾਈਦਾ ਹੈ ਕਿ ਕਿਸ ਤਰ੍ਹਾਂ ਇਹ ਘੋੜਾ (ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ




Harcourts Topline
Licensed Agent REAA 2008
Your home is One of your most valuable
asset
We are a complete One stop shop for all your Real Estate needs
We offer the following services:
Residential Sales
Rental Property Management (REINZ Accredited PM Company)
Business Sales
Commercial Sales
Commercial Leasing
Call The Topline TEAM
for any of your Real Estate needs & more
ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।
Hardev Brar
M: 027 442 7338
E: Hardev.brar@harcourts.co.nz
Mehul Mody
M: 021 990 080
E: mehul.mody@harcourts.co.nz
M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland


DH
SUPERMARKET
ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।
PAPATOETOE
141 Kolmar Road, Paptoetoe
FLATBUSH
46 Ormiston Road, East Tamaki
PAPAKURA
38 O Shannessey Street, Papakura


SPARKELS
JEWELLERS
SPARKLE YOUR LIFE WITH SPARKLE JAWELLER
We Buy Gold Diamond & Coins
22kt., 9kt, 18kt & Diamond Jewellery
Jewellery Valuation
Jewellery Repairing
Lucky Stones
208, Great South Road Papatoetoe
Ph: 0800 030377
CALL: G S HAPPY
DDI 093901041

# ਨਿਊਜ਼ੀਲੈਂਡ ਦੇ ਇੱਕ ਛੋਟੇ ਕਸਬੇ ਵਿੱਚ ਔਰਤਾਂ ਅੱਜ ਵੀ ਅੰਧ-ਵਿਸਵਾਸ਼ਾਂ ਨਾਲ ਘਿਰੀਆਂ

ਦੁਨੀਆ ਭਰ ‘ਚ ਅਜੀਬ ਪਰੰਪਰਾਵਾਂ ਤੇ ਰਿਵਾਜ ਹਨ, ਜਿਨ੍ਹਾਂ ਬਾਰੇ ਅਕਸਰ ਲੋਕ ਨਹੀਂ ਜਾਣਦੇ। ਕੁਝ ਪਰੰਪਰਾਵਾਂ ਆਸਥਾ ਨਾਲ ਜੁੜੀਆਂ ਹੁੰਦੀਆਂ ਹਨ, ਜਦੋਂ ਕਿ ਕੁਝ ਲੋਕ ਆਪਣੀਆਂ ਇੱਛਾਵਾਂ ਪੂਰੀਆਂ ਕਰਨ ਲਈ ਅਜਿਹੇ ਕੰਮ ਕਰਦੇ ਹਨ, ਜਿਨ੍ਹਾਂ ਬਾਰੇ ਸੋਚਣਾ ਵੀ ਮੁਸ਼ਕਲ ਹੁੰਦਾ ਹੈ। ਅਜਿਹੀ ਹੀ ਇੱਕ ਅਨੋਖੀ ਪਰੰਪਰਾ ਨਿਊਜ਼ੀਲੈਂਡ ਦੇ ਇੱਕ ਛੋਟੇ ਜਿਹੇ ਇਲਾਕੇ ਵਿੱਚ ਹੈ, ਜਿਸਨੂੰ ਲੋਕ ਬਹੁਤ ਸ਼ਰਧਾ ਨਾਲ ਮੰਨਦੇ ਹਨ ਅਤੇ ਇਸ ਪਰੰਪਰਾ ਦੇ ਕਾਰਨ ਉਸ ਇਲਾਕੇ ‘ਚ ਸੈਰ-ਸਪਾਟਾ ਵੀ ਵਧਿਆ ਹੈ।



ਨਿਊਜ਼ੀਲੈਂਡ ਦੇ ਸੈਂਟਰਲ ਓਟਾਗੋ ਕਾਰਡੋਨਾ ਇਲਾਕੇ ‘ਚ ਇੱਕ ਅਜੀਬ ਪਰੰਪਰਾ ਹੈ, ਜਿੱਥੇ ਔਰਤਾਂ ਇੱਛਾ ਕਰਦੇ ਸਮੇਂ ਆਪਣੀਆਂ ਬ੍ਰਾ ਉਤਾਰਦੀਆਂ ਹਨ ਅਤੇ ਉਨ੍ਹਾਂ ਨੂੰ ਲੋਹੇ ਦੀ ਤਾਰ ‘ਤੇ ਲਟਕਾਉਂਦੀਆਂ ਹਨ। ਇਹ ਪਰੰਪਰਾ ਸਾਲਾਂ ਤੋਂ ਚੱਲੀ ਆ ਰਹੀ ਹੈ ਅਤੇ ਹੁਣ ਲੋਕ ਇਸਨੂੰ ਆਸਥਾ ਨਾਲ ਵੀ ਜੋੜਨ ਲੱਗ ਪਏ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਬ੍ਰਾ ਲਟਕਾਉਣ ਨਾਲ ਸੱਚਮੁੱਚ ਇੱਛਾ ਪੂਰੀ ਹੁੰਦੀ ਹੈ ਜਾਂ ਨਹੀਂ, ਪਰ ਉੱਥੋਂ ਦੀਆਂ ਔਰਤਾਂ ਅਤੇ ਸੈਲਾਨੀ ਇਸ ‘ਚ ਬਹੁਤ ਵਿਸ਼ਵਾਸ ਕਰਦੇ ਹਨ।

ਇਹ ਪਰੰਪਰਾ 1999 ‘ਚ ਸ਼ੁਰੂ ਹੋਈ ਸੀ। ਉਸ ਸਾਲ ਕਿਸੇ ਨੇ ਲੋਹੇ ਦੀ ਵਾੜ ‘ਤੇ ਲਟਕਦੀਆਂ ਚਾਰ ਬ੍ਰਾਵਾਂ ਦੇਖੀਆਂ। ਫਿਰ ਹੌਲੀ-ਹੌਲੀ ਲੋਕ ਇਸ ਨੂੰ ਆਪਣੀ ਇੱਛਾ ਪੂਰਤੀ ਦਾ ਤਰੀਕਾ ਮੰਨਦੇ ਹੋਏ ਆਪਣੀ ਬ੍ਰਾਅ ਲਟਕਾਉਣ ਆਉਣ ਲੱਗ ਪਏ। ਜਲਦੀ ਹੀ ਵਾੜ ‘ਤੇ ਅੰਡਰਗਾਰਮੈਂਟਸ ਦੀ ਗਿਣਤੀ ਇੰਨੀ ਵੱਧ ਗਈ ਕਿ ਲੋਕ ਇਸਨੂੰ ਦੇਖਣ ਆਉਣ ਲੱਗ ਪਏ। ਭਾਵੇਂ ਨਿਊਜ਼ੀਲੈਂਡ ਸਰਕਾਰ ਨੇ ਇਸ ਪਰੰਪਰਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਇਹ ਫਿਰ ਵੀ ਜਾਰੀ ਰਹੀ। ਚੰਗੀ ਗੱਲ ਇਹ ਹੈ ਕਿ ਔਰਤਾਂ ਇਹ ਕੰਮ ਖੁਸ਼ੀ ਨਾਲ ਕਰਦੀਆਂ ਹਨ ਅਤੇ ਕਿਸੇ ਦਬਾਅ ਹੇਠ ਨਹੀਂ।

ਇਸ ਪਰੰਪਰਾ ਦੇ ਪਿੱਛੇ ਦੀ ਕਹਾਣੀ ਇਹ ਹੈ ਕਿ ਲਗਭਗ 20 ਸਾਲ ਪਹਿਲਾਂ, ਕੁਝ ਕੁੜੀਆਂ ਇੱਥੇ ਨਵੇਂ ਸਾਲ ਦੀ ਪਾਰਟੀ ਦੌਰਾਨ ਆਈਆਂ ਸਨ। ਸ਼ਰਾਬ ਪੀਣ ਤੋਂ ਬਾਅਦ, ਉਹ ਆਪਣੇ ਹੋਸ਼ ਗੁਆ ਬੈਠੀ ਅਤੇ ਮਜ਼ਾਕ ਵਿੱਚ ਆਪਣੀ ਬ੍ਰਾ ਉਤਾਰ ਕੇ ਲੋਹੇ ਦੀ ਤਾਰ ਨਾਲ ਲਟਕਾ ਗਈਆਂ। ਅਗਲੇ ਦਿਨ, ਇਹ ਕੁੜੀਆਂ ਕਿਤੇ ਵੀ ਨਹੀਂ ਮਿਲੀਆਂ। ਇਸ ਤੋਂ ਬਾਅਦ, ਲੋਕਾਂ ਨੇ ਇਸਨੂੰ ਇੱਕ ਪਰੰਪਰਾ




ਸਮਝਿਆ ਅਤੇ ਇਸ ਵਿੱਚ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ।

ਇਹ ਪਰੰਪਰਾ ਜਿੰਨੀ ਅਜੀਬ ਹੈ, ਓਨੀ ਹੀ ਹੈਰਾਨੀਜਨਕ ਇੱਕ ਹੋਰ ਗੱਲ ਵੀ ਹੈ, ਜੋ ਇਸ ਪਰੰਪਰਾ ਨੂੰ ਹੋਰ ਵੀ ਪ੍ਰਸਿੱਧ ਬਣਾਉਂਦੀ ਹੈ। ਦਰਅਸਲ, ਕਈ ਵਾਰ ਇੱਥੇ ਲਟਕਦੇ ਅੰਡਰਗਾਰਮੈਂਟ ਚੋਰੀ ਹੋ ਜਾਂਦੇ ਹਨ। ਚੋਰ ਇਨ੍ਹਾਂ ਨੂੰ ਚੋਰੀ ਕਰ ਲੈਂਦੇ ਹਨ ਅਤੇ ਇਹ ਘਟਨਾ ਇਸ ਜਗ੍ਹਾ ਨੂੰ ਹੋਰ ਵੀ ਮਸ਼ਹੂਰ ਬਣਾਉਂਦੀ ਹੈ। ਚੋਰਾਂ ਵੱਲੋਂ ਕੀਤੀਆਂ ਗਈਆਂ ਚੋਰੀਆਂ ਕਾਰਨ ਇਸ ਜਗ੍ਹਾ ਦਾ ਨਾਮ ਦੂਰ-ਦੂਰ ਤੱਕ ਫੈਲ ਗਿਆ ਅਤੇ ਇੱਥੇ ਸੈਰ-ਸਪਾਟੇ ਨੂੰ ਹੁਲਾਰਾ ਮਿਲਿਆ। ਅੱਜਕੱਲ੍ਹ, ਜਦੋਂ ਵੀ ਲੋਕ ਨਿਊਜ਼ੀਲੈਂਡ ਜਾਂਦੇ ਹਨ, ਉਹ ਇਸ ਅਨੋਖੀ ਪਰੰਪਰਾ ਨੂੰ ਦੇਖਣ ਅਤੇ ਉਸ ਜਗ੍ਹਾ ਨੂੰ ਦੇਖਣ ਲਈ ਜ਼ਰੂਰ ਆਉਂਦੇ ਹਨ ਜਿੱਥੇ ਬ੍ਰਾ ਲਟਕਾਈ ਜਾਂਦੀ ਹੈ। ਇਸ ਤਰ੍ਹਾਂ, ਬ੍ਰਾਅ ਲਟਕਾਉਣ ਦੀ ਪਰੰਪਰਾ ਨੇ ਨਿਊਜ਼ੀਲੈਂਡ ਦੇ ਇਸ ਛੋਟੇ ਜਿਹੇ ਖੇਤਰ ਨੂੰ ਅੰਤਰਰਾਸ਼ਟਰੀ ਮਾਨਤਾ ਦਿੱਤੀ ਹੈ।








iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...

PH: 0800 03 03 99 | MOB: 021 670 590
Email: icolourgraphics@gmail.com
UNIT 5/2 TIRONUI STATION ROAD WEST, TAKANINI

Beautiful Smiles For Life...
CLENDON DENTAL CENTRE LTD
15 Palmers Road Clendon, Auckland
Ph: 09 266 0769, Mob: 022 040 9399
PAPATOETOE FAMILY DENTIST
133 Kolmar Road Papatoetoe, Auckland
(Inside East Tamaki Health Care)
Ph: 09 279 9100, Mob: 021 659 934
ਇਥੇ ਹਰ ਤਰਾਂ ਦੇ ਦੰਦਾਂ ਦਾ ਇਲਾਜ ਕੀਤਾ ਜਾਂਦਾ ਹੈ।

Dr. Inderpal Singh (BDS)

Dr. Kiranpal Kaur (BDS)
ਆਪਣੀ ਪੰਜਾਬੀ ਭਾਸ਼ਾ ਬੋਲਣ ਵਾਲੇ ਡਾਕਟਰਾਂ ਨਾਲ ਗੱਲ ਕਰੋ।
FREE WINZ QUOTES & ACC ACCIDENTS
Mon to Fri: 9.00am - 6.00pm

# ਏਅਰ ਨਿਊਜ਼ੀਲੈਂਡ ਐਲਾਨੀ ਗਈ ਦੁਨੀਆ ਦੀ ਸਭ ਤੋਂ ਸੁਰੱਖਿਅਤ ਏਅਰਲਾਈਨ




ਏਅਰ ਨਿਊਜ਼ੀਲੈਂਡ ਨੂੰ ਲਗਾਤਾਰ ਦੂਜੇ ਸਾਲ ਦੁਨੀਆ ਦੀ ਸਭ ਤੋਂ ਸੁਰੱਖਿਅਤ ਏਅਰਲਾਈਨ ਦਾ ਖਿਤਾਬ ਦਿੱਤਾ ਗਿਆ ਹੈ। ਏਅਰ ਨਿਊਜ਼ੀਲੈਂਡ ਨੇ ਟ੍ਰਾਂਸ-ਟੈਸਮੈਨ ਏਅਰਲਾਈਨ ਕਵਾਂਟਾਸ ਨੂੰ ਪਛਾੜ ਇਹ ਖਿਤਾਬ ਹਾਸਿਲ ਕੀਤਾ ਹੈ। Airline Ratings.com ਨੇ ਆਪਣੇ ਸੱਤ-ਸਿਤਾਰਾ ਰੇਟਿੰਗ ਸਿਸਟਮ ਦੀ ਵਰਤੋਂ ਕਰਦੇ ਹੋਏ 385 ਏਅਰਲਾਈਨਾਂ ਦੇ ਸੁਰੱਖਿਆ ਅਤੇ ਇਨ-ਫਲਾਈਟ ਉਤਪਾਦ ਨੂੰ ਦਰਜਾ ਦਿੱਤਾ ਹੈ। ਆਪਣੀ ਰਿਪੋਰਟ ਬਣਾਉਣ ਵਿੱਚ Airline Ratings.com ਨੇ ਘਾਤਕ ਦੁਰਘਟਨਾਵਾਂ, ਹਵਾਬਾਜ਼ੀ ਦੇ ਪ੍ਰਬੰਧਕਾਂ ਅਤੇ ਉਦਯੋਗ ਸੰਸਥਾਵਾਂ ਤੋਂ ਆਡਿਟ, ਉਦਯੋਗ-ਮੋਹਰੀ ਸੁਰੱਖਿਆ ਪਹਿਲਕਦਮੀਆਂ, ਫਲੀਟ ਦੀ ਉਮਰ ਅਤੇ ਹੋਰ ਬਹੁਤ ਸਾਰੇ ਕਾਰਕਾਂ 'ਤੇ ਵਿਚਾਰ ਕੀਤਾ ਹੈ। ਇੱਕ ਹੋਰ ਕਾਰਕ ਇਹ ਸੀ ਕਿ ਏਅਰਲਾਈਨਾਂ ਨੇ ਇਹਨਾਂ ਘਟਨਾਵਾਂ ਨੂੰ ਕਿਵੇਂ ਸੰਭਾਲਿਆ। ਹਾਲਾਂਕਿ, ਰਿਪੋਰਟ ਵਿੱਚ ਪੰਛੀਆਂ ਦੇ ਟਕਰਾਉਣ, ਗੜਬੜ ਅਤੇ ਮੌਸਮ ਦੇ ਵਿਘਨ ਵਰਗੀਆਂ ਘਟਨਾਵਾਂ ਨੂੰ ਛੱਡ ਦਿੱਤਾ ਗਿਆ ਸੀ, ਕਿਉਂਕਿ ਏਅਰਲਾਈਨਾਂ ਦਾ ਇਹਨਾਂ ਘਟਨਾਵਾਂ 'ਤੇ ਕੋਈ ਨਿਯੰਤਰਣ ਨਹੀਂ ਹੁੰਦਾ।

Airline Ratings.com ਦੇ ਮੁੱਖ ਸੰਪਾਦਕ ਜੈਫਰੀ ਥਾਮਸ ਨੇ ਕਿਹਾ ਕਿ ਇਹ ਏਅਰ ਨਿਊਜ਼ੀਲੈਂਡ ਅਤੇ ਆਸਟ੍ਰੇਲੀਆਈ ਏਅਰਲਾਈਨ ਵਿਚਕਾਰ ਇੱਕ ਬਹੁਤ ਹੀ ਨਜ਼ਦੀਕੀ ਮੁਕਾਬਲਾ ਸੀ, ਦੋਵਾਂ ਨੂੰ ਉਦਯੋਗ ਵਿੱਚ "ਸਟੈਂਡਆਉਟ" ਦੱਸਿਆ ਗਿਆ ਹੈ।

ਮੁੱਖ ਕਾਰਜਕਾਰੀ ਗ੍ਰੇਗ ਫੋਰਨ ਨੇ ਕਿਹਾ ਕਿ ਉਹ ਏਅਰ ਨਿਊਜ਼ੀਲੈਂਡ ਦੇ ਜਹਾਜ਼ਾਂ 'ਤੇ "ਬਹੁਤ ਮਾਣ" ਕਰਦੇ ਹਨ ਕਿਉਂਕਿ ਉਹ "ਲਗਾਤਾਰ ਅਤੇ ਲਗਨ ਨਾਲ ਸੁਰੱਖਿਆ ਨੂੰ ਸਾਡੇ ਹਰ ਕੰਮ ਵਿੱਚ ਸਭ ਤੋਂ ਅੱਗੇ ਰੱਖਦੇ ਹਨ"। ਦੂਜੇ ਸਥਾਨ 'ਤੇ ਰਹਿਣ ਵਾਲੀ ਕਵਾਂਟਸ ਆਖਰੀ ਵਾਰ 2023 ਵਿੱਚ ਸੂਚੀ ਵਿੱਚ ਸਿਖਰ 'ਤੇ ਸੀ।



**ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਬੁਲਾਰੇ ਸਰਦਾਰ ਦਲਜੀਤ ਸਿੰਘ ਵੱਲੋਂ ਪੂਰੇ ਸਿੱਖ ਭਾਈਚਾਰੇ, 'ਮਹਿਕ-ਏ-ਵਤਨ' ਦੀ ਪੂਰੀ ਟੀਮ ਅਤੇ ਸਮੂਹ ਨਗਰ ਨਿਵਾਸੀਆਂ ਨੂੰ ਲੋਹੜੀ ਅਤੇ ਮਾਘੀ ਦੇ ਤਿਉਹਾਰ ਦੀਆਂ ਲੱਖ-ਲੱਖ ਵਧਾਈਆਂ।**







ਮਾਘੀ ਇੱਕ ਪੰਜਾਬੀ ਤਿਉਹਾਰ ਹੈ। ਹਿੰਦੀ ਵਿੱਚ ਇਸਨੂੰ ਮਕਰ ਸਕ੍ਰਾਂਤੀ ਕਿਹਾ ਜਾਂਦਾ ਹੈ। ਇਹ ਤਿਉਹਾਰ ਸਾਰੇ ਭਾਰਤ ਵਿੱਚ ਠੰਡ ਵਿੱਚ ਪੱਕੀ ਫ਼ਸਲ ਦਾ ਜ਼ਸ਼ਨ ਮਨਾਉਣ ਲਈ ਮਨਾਇਆ ਜਾਂਦਾ ਹੈ। ਮਾਘੀ, ਪੰਜਾਬੀ ਕਲੈਂਡਰ ਮੁਤਾਬਿਕ ਮਾਘ ਮਹੀਨੇ ਦੇ ਪਹਿਲੇ ਦਿਨ ਨੂੰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਮਨਾਈ ਜਾਂਦੀ ਹੈ।ਮਾਘੀ




ਮਕਰ ਸਕ੍ਰਾਂਤੀ ਤਿਓਹਾਰ ਦਾ ਪੰਜਾਬੀ ਨਾਂ ਹੈ, ਜੋ ਕਿ ਠੰਡ ਦੀ ਸੰਗਰਾਂਦ ਦਾ ਤਿਓਹਾਰ ਹੈ ਤੇ ਇਸਨੂੰ ਸਰਦੀ ਵਾਢੀ ਦੇ ਤਿਓਹਾਰ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ।

ਮਾਘੀ ਦਿਨ ਦੇ ਸਮੇਂ ਦੀ ਰੋਸ਼ਨੀ ਵਿੱਚ ਵਾਧਾ ਹੋਣ ਦਾ ਪ੍ਰੀਕ ਹੈ ਅਤੇ ਇਹ ਸਰਦੀ ਦੀ ਸੰਗਰਾਂਦ ਦਾ ਜਸ਼ਨ ਹੈ (ਜੋ ਕਿ ਅਸਲ ਵਿੱਚ ਦਸੰਬਰ ਵਿੱਚ ਆਉਂਦੀ ਹੈ) ਜਿਸ ਦਿਨ ਤੋਂ ਸੂਰਜ ਆਪਣੀ ਯਾਤਰਾ ਦੀ ਸ਼ੁਰੂਆਤ ਉਤਰੀ ਦਿਸ਼ਾ ਵੱਲ ਕਰਦਾ ਹੈ, ਜਿਸ ਦਾ ਜ਼ਿਕਰ "ਬੱੜਾ ਦਿਨ" (ਵੱਡਾ ਦਿਨ) ਦੇ ਤੌਰ 'ਤੇ ਕੀਤਾ ਜਾਂਦਾ ਹੈ। ਪੰਜਾਬੀ ਕਲੰਡਰ ਅਨੁਸਾਰ, ਇਸ ਦਿਨ ਤੋਂ ਸ਼ੀਸ਼ਿਰ ਮੌਸਮ ਦੇ ਸ਼ੁਰੂਆਤ ਹੋਣ ਦੀ ਵੀ ਮਨੀ ਜਾਂਦੀ ਹੈ। ਸ਼ੀਸ਼ਿਰ ਮੌਸਮ ਸਰਦੀ ਦੇ ਮੌਸਮ ਦਾ ਦੂਸਰਾ ਅੱਧ ਵੀ ਮਨਿਆ ਜਾਂਦਾ ਹੈ ਜਿਸ ਵਿੱਚ ਨਿਮਰ ਮੌਸਮ ਹੁੰਦਾ ਹੈ, ਅਤੇ ਇਸ ਤਰ੍ਹਾਂ ਮਾਘੀ ਨੂੰ ਮੌਸਮੀ ਤਿਓਹਾਰ ਮਨਿਆ ਜਾਂਦਾ ਹੈ।ਜਿਸ ਤਰ੍ਹਾਂ ਮਾਘੀ ਤਿਓਹਾਰ ਨੂੰ ਸੂਰਜੀ ਮਹੀਨੇ ਮਾਘ ਵਿੱਚ ਮਨਾਇਆ ਜਾਂਦਾ ਹੈ ਉਸ ਅਨੁਸਾਰ ਬਸੰਤ ਤਿਓਹਾਰ ਨੂੰ ਚੰਦਰ ਮਹੀਨੇ ਦੇ ਮਾਘ ਵਿੱਚ ਮਨਾਇਆ ਜਾਂਦਾ ਹੈ।ਇਹ ਦੋਵੇਂ ਮਹੀਨੇ ਮੌਸਮੀ ਹਨ ਜਿਹਨਾਂ ਵਿੱਚ ਮਾਘੀ ਬਸੰਤ ਤੋਂ ਪਹਿਲਾਂ ਮਨਾਈ ਜਾਂਦੀ ਹੈ।ਉਦਾਹਰਣ ਦੇ ਲਈ ਤਾਮਿਲਨਾਡੂ ਵਿੱਚ, ਇਸਨੂੰ ਪੋਂਗਲ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਕਰਨਾਟਕ, ਕੇਰਲ ਅਤੇ ਆਂਧਰਾ ਪ੍ਰਦੇਸ਼ ਵਿੱਚ ਇਸ ਨੂੰ ਇਕੱਲਾ ਸੰਕਰਾਂਤੀ ਕਿਹਾ ਜਾਂਦਾ ਹੈ। ਗੋਆ, ਓਡੀਸ਼ਾ, ਹਰਿਆਣਾ, ਬਿਹਾਰ, ਝਾਰਖੰਡ, ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਕੇਰਲਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਅਤੇ ਜੰਮੂ ਆਦਿ ਰਾਜਾਂ ਵਿੱਚ ਇਸ ਨੂੰ ਮਕਰ ਸੰਕਰਾਂਤੀ ਕਿਹਾ ਜਾਂਦਾ ਹੈ। ਹਰਿਆਣਾ ਅਤੇ ਪੰਜਾਬ ਵਿੱਚ ਇਸ ਤੋਂ ਇੱਕ ਦਿਨ ਪਹਿਲਾਂ 13 ਜਨਵਰੀ ਨੂੰ ਲੋਹੜੀ ਵਜੋਂ ਮਨਾਇਆ ਜਾਂਦਾ ਹੈ। ਪੌਸ਼ ਸੰਕਰਾਂਤੀ, ਮਕਰ ਸੰਕਰਮਣ ਆਦਿ ਵੀ ਇਸਦੇ ਕੁਝ ਪ੍ਰਸਿੱਧ ਨਾਮ ਹਨ।

ਉੱਤਰ ਪ੍ਰਦੇਸ਼ ਵਿੱਚ ਇਹ ਮੁੱਖ ਤੌਰ 'ਤੇ ਮੇਲੇ ਦਾ ਤਿਉਹਾਰ ਹੈ। ਇਲਾਹਾਬਾਦ ਵਿੱਚ ਗੰਗਾ, ਯਮੁਨਾ ਤੇ ਸਰਸਵਤੀ ਦੇ ਸੰਗਮ 'ਤੇ ਹਰੇਕ ਸਾਲ ਇੱਕ ਮਹੀਨੇ ਤੱਕ ਮਾਘ ਮੇਲਾ ਲਗਾਇਆ ਜਾਂਦਾ ਹੈ, ਜਿਸ ਨੂੰ ਮਾਘ ਮੇਲੇ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। 14 ਜਨਵਰੀ ਤੋਂ ਹੀ ਇਲਾਹਾਬਾਦ ਵਿੱਚ ਹਰ ਸਾਲ ਮਾਘ ਮੇਲੇ ਦੀ ਸ਼ੁਰੂਆਤ ਹੁੰਦੀ ਹੈ।

ਸਮੁੱਚੇ ਉੱਤਰ ਪ੍ਰਦੇਸ਼ ਵਿੱਚ ਇਸ ਤਿਉਹਾਰ ਨੂੰ ਖਿਚੜੀ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਿਨ ਖਿਚੜੀ ਖਾਣ ਅਤੇ ਖਿਚੜੀ ਦਾਨ ਕਰਨ ਦਾ ਵਧੇਰੇ ਮਹੱਤਵ ਹੁੰਦਾ ਹੈ। ਇਸੇ ਤਰ੍ਹਾਂ ਬਿਹਾਰ ਵਿੱਚ ਵੀ ਮਕਰ ਸੰਕ੍ਰਾਂਤੀ ਨੂੰ ਖਿਚੜੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਇਸ ਦਿਨ ਉੜਦ, ਚੌਲ, ਤਿਲ, ਚਿਵੜੇ, ਗੌ, ਸਵਰਨ, ਊਨੀ ਵਸਤਾਂ,




ਕੰਬਲ ਆਦਿ ਦਾਨ ਕਰਨ ਦੀ ਪਰੰਪਰਾ ਹੈ। ਮਹਾਰਾਸ਼ਟਰ ਵਿੱਚ ਇਸ ਦਿਨ ਸਾਰੀਆਂ ਨਵੀਆਂ ਵਿਆਹੀਆਂ ਔਰਤਾਂ ਆਪਣੀ ਪਹਿਲੀ ਸੰਕ੍ਰਾਂਤੀ 'ਤੇ ਕਪਾਹ, ਤੇਲ ਤੇ ਨਮਕ ਆਦਿ ਚੀਜ਼ਾਂ ਦੂਜੀਆਂ ਸੁਹਾਗਣ ਔਰਤਾਂ ਨੂੰ ਦਾਨ ਕਰਦੀਆਂ ਹਨ। ਰਾਜਸਥਾਨ ਵਿੱਚ ਇਸ ਤਿਉਹਾਰ 'ਤੇ ਸੁਹਾਗਣਾਂ ਆਪਣੀ ਸੱਸ ਨੂੰ ਬਯਾ ਦੇ ਕੇ ਆਸ਼ੀਰਵਾਦ ਪ੍ਰਾਪਤ ਕਰਦੀਆਂ ਹਨ।

ਪੱਛਮੀ ਬੰਗਾਲ 'ਚ ਦੇਸ਼ ਭਰ ਤੋਂ ਲਗਪਗ 16 ਲੱਖ ਸ਼ਰਧਾਲੂ ਗੰਗਾ ਸਾਗਰ ਪੁੱਜਦੇ ਹਨ ਅਤੇ ਇਸ ਮੌਕੇ' ਤੇ ਸ਼ਰਧਾਲੂਆਂ ਵੱਲੋਂ ਗੰਗਾ ਦਰਿਆ ਅਤੇ ਬੰਗਾਲ ਦੀ ਖਾੜੀ ਦੇ ਸੰਗਮ 'ਤੇ ਪਵਿੱਤਰ ਡੁਬਕੀਆਂ ਲਗਾਈਆਂ ਜਾਣਗੀਆਂ। ਅਸਾਮ ਵਿੱਚ ਮਾਘ ਜਾਂ ਭੋਗਲੀ ਬਿਹੂ ਦੇ ਪੂਰਬ ਵਿੱਚ ਉਰੂਕਾ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਉੱਤਰਾਯਣ ਕਾਲ ਨੂੰ ਰਿਸ਼ੀ, ਤਪੱਸਿਆ ਅਤੇ ਰਿਸ਼ੀ-ਰਿਸ਼ੀ ਦੀ ਪ੍ਰਾਪਤੀ ਲਈ ਮਹੱਤਵਪੂਰਨ ਮੰਨਦੇ ਹਨ। ਇਹ ਦੇਵਤਿਆਂ ਦਾ ਦਿਨ ਮੰਨਿਆ ਜਾਂਦਾ ਹੈ। ਗੀਤਾ ਵਿੱਚ ਸ੍ਰੀ ਕ੍ਰਿਸ਼ਨ ਨੇ ਖ਼ੁਦ ਕਿਹਾ ਹੈ ਕਿ ਉੱਤਰਾਯਾਨ ਦੇ ਛੇ ਮਹੀਨਿਆਂ ਵਿੱਚ ਧਰਤੀ ਹਲਕੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਉੱਤਰਾਯਣ ਨੂੰ ਦੇਵਤਿਆਂ ਦਾ ਦਿਨ ਮੰਨਿਆ ਜਾਂਦਾ ਹੈ ਅਤੇ ਦੱਖਣਯਨ ਦੇਵਤਿਆਂ ਦੀ ਰਾਤ ਹੈ। ਭਾਵਨਾਤਮਕ ਰੂਪ ਵਿੱਚ ਉੱਤਰਾਯਣ ਸ਼ੁਭ ਅਤੇ ਚਾਨਣ ਦਾ ਪ੍ਰਤੀਕ ਹੈ, ਅਤੇ ਦੱਖਣਯਯਾਨ ਨੂੰ ਕਲੰਕ ਦੇ ਮਾਰਗ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ।

# ਹਰਦਿਆਲ ਸਿੰਘ ਪਰਵਾਨਾ



ਹਰਦਿਆਲ ਸਿੰਘ ਪਰਵਾਨਾ ਨੂੰ ਪਹਿਲੀ ਵਾਰ ਲੁਧਿਆਣੇ ਦੇ ਗੈਸਟ ਹਾਊਸ ਵਿੱਚ ਗਾਉਂਦਿਆਂ ਸੁਣਿਆ ਸੀ। 'ਦੇਵ ਥਰੀਕੇ ਐਪਰੀਸੀਏਸ਼ਨ ਸੋਸਾਇਟੀ' ਵਾਲੇ ਸੋਖਾ ਉਦੋਪੁਰੀਆ ਦੇ ਪਰਿਵਾਰ ਵੱਲੋਂ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਹੀਰਾ ਸਿੰਘ ਗਾਬੜੀਆ ਹੱਥੋਂ ਢਾਡੀ ਈਦੂ ਸ਼ਰੀਫ਼, ਗੀਤਕਾਰ ਦੇਵ ਥਰੀਕੇ ਵਾਲਾ ਤੇ ਸਨਮੁਖ ਸਿੰਘ ਅਜ਼ਾਦ ਨੂੰ ਸਨਮਾਨਿਤ ਕਰਾਇਆ ਗਿਆ ਸੀ। ਉਥੇ ਬਿਰਾਜਮਾਨ ਹੋਰ ਹਸਤੀਆਂ ਵਿੱਚ ਪਰਵਾਨਾ ਵੀ ਬੈਠਾ ਸੀ ਤੇ ਦੋ-ਤਿੰਨ ਕਲਾਕਾਰਾਂ ਦੇ ਗਾਉਣ ਤੋਂ ਬਾਅਦ ਗੁਰਭਜਨ ਗਿੱਲ ਦੇ ਕਹਿਣ 'ਤੇ ਉਸ ਨੇ ਵੀ ਗਾਉਣਾ ਸ਼ੁਰੂ ਕਰ ਦਿੱਤਾ, 'ਦਿਲ ਮੰਗਦਾ ਹਮੇਸ਼ਾ ਸੋਹਣੇ ਸੱਜਣਾਂ ਦੀ ਖ਼ੈਰ।' ਹਾਲੇ ਉਸ ਦਾ ਗੀਤ ਅੱਧ ਕੁ ਤੱਕ ਪੁੱਜਾ ਸੀ ਕਿ ਬੰਬ ਦੀ ਅਫ਼ਵਾਹ ਵਾਂਗ ਰੌਲਾ ਪੈ ਗਿਆ, 'ਗਾਬੜੀਆ ਸਾਹਿਬ ਆ ਗਏ...ਗਾਬੜੀਆ ਸਾਹਿਬ ਆ ਗਏ...'। ਪੰਦਰਾਂ-ਵੀਹ ਮਿੰਟ ਮਾਹੌਲ ਠੰਢਾ ਹੋਣ 'ਤੇ ਲੱਗਾ, ਪਰ ਪਰਵਾਨੇ ਦੇ ਮੱਥੇ 'ਤੇ ਕੋਈ ਤਿਊੜੀ ਨਾ ਆਈ ਕਿ ਮੇਰੇ ਗਾਣੇ ਦਾ ਸਵਾਦ ਖਰਾਬ ਹੋ ਗਿਐ। ਜਦੋਂ ਸਾਰੇ ਬੈਠ ਗਏ ਤਾਂ ਉਸ ਨੇ ਗੀਤ ਪੂਰਾ ਕੀਤਾ ਅਤੇ ਸਾਰਿਆਂ ਨੇ ਰੱਜ ਕੇ ਤਾੜੀਆਂ ਮਾਰੀਆਂ।

ਪਰਵਾਨਾ ਪੜ੍ਹਿਆ-ਲਿਖਿਆ ਸੁਰੀਲਾ ਗਵੱਈਆ ਹੈ। ਉਸ ਨੇ ਬਹੁਤਾ ਨਹੀਂ ਗਾਇਆ, ਪਰ ਜਿੰਨਾ ਕੁ ਗਾਇਆ ਉਸ ਕਰਕੇ ਉਸ ਦੀ ਪਛਾਣ ਬੁੱਧੀਜੀਵੀਆਂ ਦੇ ਗਾਇਕ ਵਜੋਂ ਬਣ ਗਈ। ਪਰਵਾਨੇ ਦਾ ਸਿਰਫ਼ ਇੱਕੋ ਰਿਕਾਰਡ ਆਇਆ ਤੇ ਤਿੰਨ ਕੈਸਿਟਾਂ, ਜਿਸ ਕਰਕੇ ਉਸ ਦੀ ਤੁਲਨਾ ਮੋਹਣ ਸਿੰਘ ਚਰਖਾ ਨਾਲ ਕਰਨ ਨੂੰ ਮਨ ਕਰਦਾ ਹੈ ਕਿਉਂਕਿ ਉਸ ਦੀਆਂ ਵੀ ਤਿੰਨ ਕੈਸਿਟਾਂ ਆਈਆਂ ਤੇ ਇੱਕੋ ਰਿਕਾਰਡ। ਹਰਦਿਆਲ ਸਿੰਘ ਪਰਵਾਨਾ ਦੀ ਚਿੱਟੀ ਦਾੜ੍ਹੀ ਵਿਚਲੇ ਥੋੜ੍ਹੇ ਕੁ ਕਾਲੇ ਵਾਲ਼ ਇਂਜ ਭੁਲੇਖਾ ਪਾਉਂਦੇ ਨੇ ਜਿਵੇਂ ਤਿੱਖੀ ਧੁੱਪ ਨੂੰ ਬੱਦਲੀ ਦਾ ਟੋਟਾ ਢਕ ਕੇ ਮਿੰਟ ਕੁ ਲਈ ਛਾਂ ਜਿਹੀ ਕਰ ਦਿੰਦੈ। ਉਹ ਦਾੜ੍ਹੀ ਘੁੱਟ ਕੇ ਬੰਨ੍ਹਦੈ ਤੇ ਪੈਂਟ-ਸ਼ਰਟ ਪਹਿਨੀ ਹਰ ਵੇਲੇ ਟਿੱਪ-ਟੌਪ ਮਿਲਦੈ। ਹਰ ਇੱਕ ਨੂੰ ਅਦਬ ਨਾਲ ਬੁਲਾਉਣਾ ਉਸ ਦੇ ਸੁਭਾਅ ਦੀ ਨਿਸ਼ਾਨੀ ਹੈ। ਲੁਧਿਆਣੇ ਦੇ 'ਜੇ ਬਲਾਕ' ਵਿਚਲੇ ਮਕਾਨ ਵਿੱਚ ਉਹ ਪਰਿਵਾਰ ਸਮੇਤ ਰਹਿੰਦੈ ਅਤੇ ਉਸ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਉਸ ਦੀ ਔਲਾਦ ਚੰਗਾ ਪੜ੍ਹ-ਲਿਖ ਕੇ ਸੋਹਣੇ ਕੰਮਾਂ-ਕਾਜਾਂ 'ਤੇ ਲੱਗੀ ਹੋਈ ਹੈ।

ਪਰਵਾਨੇ ਨੇ ਥੋਕ ਵਿੱਚ ਨਹੀਂ ਗਾਇਆ ਉਹ ਆਖਦੈ, 'ਮੈਂ ਘੌਲੀ ਬੰਦਾ ਹਾਂ, ਬਾਹਲੀ ਭੱਜ-ਨੱਠ ਕਦੇ ਮੈਂ ਕੀਤੀ ਨਹੀਂ, ਪਰ ਗਾਉਣ-ਵਜਾਉਣ ਦਾ ਕੰਮ ਦੌੜ-ਭੱਜ ਮੰਗਦੈ।' ਉਸ ਨੇ ਸਟੇਜਾਂ 'ਤੇ ਬਹੁਤ ਗਾਇਆ, ਪਰ ਗਾਇਕੀ ਨੂੰ ਵਪਾਰ ਨਾ ਬਣਾਇਆ। ਧਾਰਮਿਕ ਸਟੇਜਾਂ ਲਾਉਣ ਵਿੱਚ ਉਸ ਦਾ ਕੋਈ ਸਾਨੀ ਨਹੀਂ ਸੀ। ਹਾਲੇ ਵੀ ਉਸ ਨੇ ਹੌਸਲਾ ਨਹੀਂ ਛੱਡਿਆ ਅਤੇ ਥੋੜ੍ਹੀ ਦੇਰ ਪਹਿਲਾਂ ਉਸਦੀ ਇੱਕ ਕੈਸਿਟ ਰਿਲੀਜ਼ ਹੋਈ ਹੈ, ਜਿਸ ਵਿੱਚ ਕਵੀਸ਼ਰੀ, ਮਿਰਜ਼ਾ ਅਤੇ ਗਾਇਕੀ ਦੇ ਹੋਰ ਰੰਗ ਸ਼ਾਮਿਲ ਨੇ।

ਹਰਦਿਆਲ ਸਿੰਘ ਪਰਵਾਨਾ ਦੇ ਤਖੱਲਸ ਦਾ ਵੀ ਵੱਖਰਾ ਹੀ ਕਿੱਸਾ ਹੈ। 1957 ਵਿੱਚ ਹਿੰਦੀ ਫ਼ਿਲਮ 'ਨਾਗਿਨ' ਆਈ ਤਾਂ ਪਰਵਾਨਾ ਉਸ ਵਿਚਲੇ ਗੀਤ, 'ਤੇਰੀ ਯਾਦ ਮੇਂ ਜਲ ਕਰ ਦੇਖ ਲੀਆ' ਨੂੰ ਸਕੂਲ ਦੇ ਹਰ ਸਮਾਗਮ ਵਿੱਚ ਗਾਉਂਦਾ। ਉਸ ਗੀਤ ਦੀ ਇੱਕ ਸਤਰ ਸੀ, 'ਦੀਪਕ ਕੀ ਚਮਕ ਮੇਂ ਆਗ ਬੀ ਹੈ, ਸ਼ਮ੍ਹਾ ਨੇ ਕਹਾ ਪਰਵਾਨੇ ਸੇ' ਤੇ ਉਸ ਦੇ ਮਿੱਤਰਾਂ ਨੇ ਕਿਹਾ, 'ਯਾਰ, ਤੂੰ ਆਪਣੇ ਨਾਂ ਪਿੱਛੇ ਵੀ 'ਪਰਵਾਨਾ' ਲਾਉਣਾ ਸ਼ੁਰੂ ਕਰ ਦੇ।' ਹਰਦਿਆਲ ਨੇ ਦੋਸਤਾਂ ਦੀ ਮੰਨ ਲਈ ਤੇ 'ਪਰਵਾਨਾ' ਬਣ ਗਿਆ। ਤਖੱਲਸ ਨੂੰ ਹੋਰ ਪੱਕਾ ਕਰਨ ਵਾਲੀ ਇੱਕ ਹੋਰ ਗੱਲ ਇਹ ਹੈ ਕਿ ਦਸਵੀਂ ਕਲਾਸ ਵਿੱਚ ਦੋ ਹਰਦਿਆਲ ਪੜ੍ਹਦੇ ਸਨ। ਦੋਹਾਂ ਦੇ ਪਿਤਾ ਦਾ ਨਾਂ ਮਹਿੰਦਰ ਸਿੰਘ ਸੀ ਤਾਂ ਮਾਸਟਰ ਨੇ ਆਖਿਆ, 'ਹਰਦਿਆਲ ਤੂੰ ਆਪਣੇ ਨਾਂ ਪਿੱਛੇ ਪੱਕਾ ਈ 'ਪਰਵਾਨਾ' ਲਿਖਣ ਲੱਗ ਜਾਹ, ਨਹੀਂ ਤਾਂ ਭੁਲੇਖਾ ਜਿਹਾ ਪੈਂਦਾ ਰਹਿੰਦੈ।' ਸੋ ਹਰਦਿਆਲ ਸਿੰਘ ਪੱਕੇ ਤੌਰ 'ਤੇ 'ਪਰਵਾਨਾ' ਬਣ ਗਿਆ।

ਪਰਵਾਨਾ ਖਾਨਦਾਨੀ ਗਵੱਈਆ ਨਹੀਂ, ਪਤਾ ਨਹੀਂ ਕਿਵੇਂ ਦੂਜੀ-ਤੀਜੀ 'ਚ ਪੜ੍ਹਦਿਆਂ ਉਸ ਨੂੰ ਗਾਉਣ ਦੀ ਆਦਤ ਪੈ ਗਈ ਅਤੇ ਇਹੀ ਆਦਤ ਬਾਅਦ ਵਿੱਚ ਉਸ ਦੀ ਚੜ੍ਹਤ ਦਾ ਕਾਰਨ ਬਣ ਗਈ। ਪਰਿਵਾਰ ਵਾਲਿਆਂ ਨੂੰ ਉਸ ਦਾ ਗਾਉਣਾ ਚੰਗਾ ਨਹੀਂ ਸੀ ਲੱਗਦਾ ਕਿਉਂਕਿ ਉਹ ਇਸ ਨੂੰ ਕੰਜਰ ਕਿੱਤਾ ਆਖਦੇ ਸਨ। ਪਰਵਾਨਾ 1942 ਦੀ 15 ਸਤੰਬਰ ਨੂੰ ਮਾਤਾ ਪੰਜਾਬ ਕੌਰ ਦੀ ਕੁੱਖੋਂ ਪਿਤਾ ਮਹਿੰਦਰ ਸਿੰਘ ਦੇ ਘਰ ਜੰਮਿਆ। ਗਾਉਣ ਦੇ ਸ਼ੌਕ ਬਾਰੇ ਉਸ ਨੂੰ ਸਿਰਫ਼ ਏਨਾ ਪਤਾ ਹੈ ਕਿ ਉਨ੍ਹਾਂ ਦਾ ਪਿੰਡ ਲਿੱਤਰ (ਲੁਧਿਆਣਾ) ਧਾਰਮਿਕ ਮਾਹੌਲ ਵਿੱਚ ਰੰਗਿਆ ਹੁੰਦਾ ਸੀ ਤੇ ਗਿਆਨੀ ਨਾਹਰ ਸਿੰਘ ਪਿੰਡ 'ਚ ਕਵੀ ਦਰਬਾਰ ਕਰਾਉਂਦੇ ਰਹਿੰਦੇ ਸਨ, ਉਥੇ ਖੜ੍ਹ ਕੇ ਬੋਲਣ ਕਰਕੇ ਉਸ ਦਾ ਝਾਕਾ ਖੁੱਲ੍ਹ ਗਿਆ ਤੇ ਉਸ ਦਾ ਰਾਹ ਗਵੱਈਆ ਬਣਨ ਵੱਲ ਮੁੜ ਗਿਆ।

ਦੂਜੀ-ਤੀਜੀ ਕਲਾਸ 'ਚ ਪੜ੍ਹਦਿਆਂ ਪਰਵਾਨੇ ਨੇ ਲਾਗਲੇ ਪਿੰਡ ਬਰਮੀ ਵਿੱਚ ਗੁਰਪੁਰਬ ਦੇ ਸਮਾਗਮ 'ਤੇ ਗੀਤ ਗਾਇਆ, 'ਤੱਕਿਆ ਮੈਂ ਬਾਬਰ ਦੇ ਦਰਬਾਰ ਵਿੱਚ ਇੱਕ ਮਸਤਾਨਾ ਜੋਗੀ' ਤੇ ਮਾਸਟਰ-ਮਾਸਟਰਨੀਆਂ ਦੀਆਂ ਤਾੜੀਆਂ ਨੇ ਉਸ ਨੂੰ ਹੱਲਾਸ਼ੇਰੀ ਦੇ ਦਿੱਤੀ। ਪਰਵਾਨੇ ਦੇ ਦਾਦਾ ਜੀ ਪੂਰਨ ਸਿੰਘ ਨੂੰ ਪੋਤੇ ਦਾ ਗਾਉਣਾ ਬਿਲਕੁਲ ਚੰਗਾ ਨਹੀਂ ਸੀ ਲੱਗਦਾ ਤੇ ਉਨ੍ਹਾਂ ਨੇ ਉਸ ਨੂੰ ਇਸ ਕੰਮ ਵੱਲੋਂ ਮੋੜਨ ਲਈ ਪੂਰਾ ਟਿੱਲ ਲਾਇਆ। ਉਦੋਂ ਪਰਵਾਨਾ ਅੱਠਵੀਂ 'ਚ ਪੜ੍ਹਦਾ ਸੀ ਕਿ ਗਿਆਨੀ ਨਾਹਰ ਸਿੰਘ ਨੇ ਪੂਰਨ ਸਿੰਘ ਨੂੰ ਆਖਿਆ, 'ਤੇਰਾ ਪੋਤਾ ਚੰਗਾ ਗਾਉਂਦਾ ਏ, ਉਹ ਨੂੰ ਸਾਡੇ ਕੋਲ ਭੇਜਿਆ ਕਰ, ਅਸੀਂ ਉਹ ਨੂੰ ਕੀਰਤਨ ਕਰਨਾ ਸਿਖਾਵਾਂਗੇ।' ਪਰ ਦਾਦਾ ਜੀ ਗਿਆਨੀ ਜੀ ਨਾਲ ਗੁੱਸੇ ਹੋ ਗਏ। ਅਖੇ, 'ਸਾਡਾ ਮੁੰਡਾ ਹਰਮੋਨੀਅਮ ਫੜ ਕੇ ਖਾਨਦਾਨ ਦੀ ਇੱਜ਼ਤ ਮਿੱਟੀ 'ਚ ਰੋਲ੍ਹੂਗਾ।'

ਦਾਦੇ ਨੂੰ ਝਕਾਨੀਆਂ ਦੇ-ਦੇ ਕੇ ਵੱਖ-ਵੱਖ ਪ੍ਰੋਗਰਾਮਾਂ 'ਚ ਗਾਉਂਦਾ ਪਰਵਾਨਾ ਦਸਵੀਂ ਤੱਕ ਨੇੜੇ-ਤੇੜੇ ਦੇ ਪਿੰਡਾਂ ਵਿੱਚ ਵਾਹਵਾ ਮਸ਼ਹੂਰ ਹੋ ਗਿਆ ਤੇ ਕਾਲਜ ਜਾਣ ਵੇਲੇ ਉਸ ਦੀ ਗਾਇਕੀ ਨੇ ਕਈ ਇਨਾਮ ਜਿੱਤੇ। 1958 'ਚ ਉਹ ਗੁਰੂਸਰ ਸਿਧਾਰ ਦੇ ਗੁਰੂ ਹਰਗੋਬਿੰਦ ਖਾਲਸਾ ਕਾਲਜ ਵਿੱਚ ਭਰਤੀ ਹੋਇਆ ਤੇ ਇੱਥੋਂ ਦੇ ਸਮਾਗਮਾਂ ਦੀ ਉਹ ਸ਼ਾਨ ਰਿਹਾ। ਪਰਵਾਨੇ 'ਤੇ ਗਾਇਕੀ ਦਾ ਭੂਤ ਇੱਥੋਂ ਤੱਕ ਸਵਾਰ ਸੀ ਕਿ ਉਸ ਨੇ ਬਾਰ੍ਹਵੀਂ ਦੇ ਪੇਪਰ ਵਿਚਾਲੇ ਹੀ ਛੱਡ ਦਿੱਤੇ। 1960 ਵਿੱਚ ਜਦੋਂ ਬਾਰ੍ਹਵੀਂ ਦੇ ਪੇਪਰ ਹੋ ਰਹੇ ਸਨ ਤਾਂ ਹਿਸਾਬ ਵਾਲੇ ਪੇਪਰ ਦੇ ਦਿਨ ਲੁਧਿਆਣੇ ਦੇ ਨੌਲੱਖਾ ਥੀਏਟਰ ਵਿੱਚ ਮੁਹੰਮਦ ਰਫ਼ੀ ਦਾ ਪ੍ਰੋਗਰਾਮ ਸੀ। ਪਰਵਾਨਾ ਪੇਪਰ ਛੱਡ ਕੇ ਰਫ਼ੀ ਦਾ ਪ੍ਰੋਗਰਾਮ ਸੁਣਨ ਚਲਾ ਗਿਆ ਤੇ ਇਸ ਕਲਾਸ ਵਿੱਚੋਂ ਫੇਲ੍ਹ ਹੋ ਗਿਆ।

1961 ਵਿੱਚ ਪਰਵਾਨੇ ਨੇ ਐਗਰੀਕਲਚਰ ਡਿਪਲੋਮਾ ਕਰਨਾ ਸ਼ੁਰੂ ਕਰ ਦਿੱਤਾ ਤੇ ਇਸੇ ਸਾਲ ਉਸ ਨੂੰ ਐਗਰੀਕਲਚਰ ਵਿੱਚ ਸਬ ਇਸਪੈਕਟਰ ਦੀ ਨੌਕਰੀ ਮਿਲ ਗਈ। ਨੌਕਰੀ ਦੌਰਾਨ ਵੀ ਪਰਵਾਨਾ ਗਾਉਣ ਦਾ ਝੱਸ ਪੂਰਨ ਦੀ ਕੋਸ਼ਿਸ਼ ਕਰਦਾ ਰਿਹਾ। ਨੌਕਰੀ ਕਾਰਨ ਉਸ ਦੀ ਆਰਥਿਕਤਾ ਤਾਂ ਸੁਧਰਦੀ ਗਈ, ਪਰ ਉਸਦਾ ਸ਼ੌਕ ਵਿਚ-ਵਿਚਾਲੇ ਲਟਕਦਾ ਰਿਹਾ ਕਿਉਂਕਿ ਜਦੋਂ ਉਸ ਦੇ ਪੈਰ ਲੱਗਣ ਲੱਗਦੇ ਤਾਂ ਉਸ ਦੀ ਬਦਲੀ ਕਿਤੇ ਹੋਰ ਹੋ ਜਾਂਦੀ। 1964 ਵਿੱਚ ਜਦੋਂ ਉਸ ਦੀ ਪੋਸਟਿੰਗ ਕੁੱਲੂ ਹੋ ਗਈ ਤਾਂ ਉਥੇ ਉਸ ਨੇ ਧਾਰਮਿਕ ਗਾਉਣਾ ਸ਼ੁਰੂ ਕਰ ਦਿੱਤਾ। ਫੇਰ ਬਦਲੀ ਹੋਣ ਕਰਕੇ ਉਹ ਤਲਵੰਡੀ ਭਾਈ ਆ ਗਿਆ ਤੇ ਇੱਥੇ ਉਸ ਨੇ ਪ੍ਰੋਫ਼ੈਸ਼ਨਲ ਗਾਉਣਾ ਸ਼ੁਰੂ ਕਰ ਦਿੱਤਾ। 1966 ਵਿੱਚ ਉਸ ਨੇ ਨੌਕਰੀ ਨੂੰ ਲੱਤ ਮਾਰ ਦਿੱਤੀ।

ਉਸਤਾਦ ਬਾਰੇ ਪੁੱਛਣ 'ਤੇ ਪਰਵਾਨਾ ਆਖਦਾ ਹੈ, 'ਇਹ ਮੇਰੀ ਬਦਕਿਸਮਤੀ ਰਹੀ ਕਿ ਮੈਂ ਕਿਸੇ ਨੂੰ ਪੱਕਾ ਉਸਤਾਦ ਬਣਾ ਕੇ ਸਿੱਖ ਨਹੀਂ ਸਕਿਆ। 1965 ਵਿੱਚ ਮੈਂ ਯਮਲਾ ਜੀ ਨੂੰ ਪੱਗ ਜ਼ਰੂਰ ਦਿੱਤੀ, ਪਰ ਉਦੋਂ ਤੱਕ ਮੈਂ ਇਕੱਲੇ ਤੌਰ 'ਤੇ ਪ੍ਰੋਗਰਾਮ ਕਰਨ ਲੱਗ ਗਿਆ ਸਾਂ।' ਪਰਵਾਨੇ ਨੇ ਕਈ ਸਾਲ ਯਮਲਾ ਜੀ ਨਾਲ ਵੀ ਗੁਜ਼ਾਰੇ। ਉਹ ਉਨ੍ਹਾਂ ਨਾਲ ਪ੍ਰੋਗਰਾਮਾਂ 'ਤੇ ਜਾਂਦਾ, ਇੱਕ-ਦੋ ਗੀਤ ਗਾ ਕੇ ਯਮਲਾ ਜੀ ਨੂੰ ਸਾਹ ਦਿਵਾਉਂਦਾ ਤੇ ਉਸ ਨੂੰ ਪੰਜਾਹ ਕੁ ਰੁਪਏ ਪ੍ਰਤੀ ਪ੍ਰੋਗਰਾਮ ਮਿਲਦੇ।

ਹਰਦਿਆਲ ਸਿੰਘ ਪਰਵਾਨਾ ਨੇ ਕਈ ਕੁੜੀਆਂ ਨਾਲ ਗਾਇਆ, ਪਰ ਉਸ ਦਾ ਪੱਕਾ ਸੈੱਟ ਕਿਸੇ ਨਾਲ ਨਾ ਰਿਹਾ। ਸਭ ਤੋਂ ਪਹਿਲਾਂ ਉਸ ਨੇ ਕੁਲਵੰਤ ਕੋਮਲ ਨਾਲ ਗਾਉਣਾ ਸ਼ੁਰੂ ਕੀਤਾ। ਉਦੋਂ ਉਸ ਦਾ ਕੋਈ ਗੀਤ ਰਿਕਾਰਡ ਨਹੀਂ ਸੀ ਹੋਇਆ। ਦੇਵ ਥਰੀਕਿਆਂ ਵਾਲੇ ਦੇ ਲਿਖੇ ਗੀਤ ਉਸ ਨੇ ਰਟੇ ਹੋਏ ਸਨ। ਪ੍ਰੋਗਰਾਮ 'ਤੇ ਉਹ ਢੋਲਕ ਵਾਲਾ ਲੈ ਜਾਂਦਾ ਤੇ ਖ਼ੁਦ ਹਰਮੋਨੀਅਮ ਵਜਾਉਂਦਾ। ਪਰਵਾਨੇ ਤੇ ਕੋਮਲ ਨੇ ਡੇਢ ਕੁ ਸਾਲ ਇਕੱਠਿਆਂ ਗਾਇਆ ਤੇ ਫੇਰ ਉਸ ਨਾਲੋਂ ਹਟ ਕੇ ਸਨੇਹ ਲਤਾ ਨਾਲ ਗਾਉਣਾ ਸ਼ੁਰੂ ਕਰ ਦਿੱਤਾ। ਲਤਾ ਉਸ ਤੋਂ ਪਹਿਲਾਂ ਕਰਮਜੀਤ ਧੂਰੀ ਨਾਲ ਗਾਉਂਦੀ ਸੀ। ਦੋ ਕੁ ਸਾਲ ਪਰਵਾਨੇ ਨੇ ਉਸ ਨਾਲ ਗਾਇਆ ਤੇ ਫੇਰ ਹਰਬੰਸ ਕਿਰਨ ਨਾਲ ਗਾਉਣਾ ਸ਼ੁਰੂ ਕਰ ਦਿੱਤਾ।

ਇੱਕ ਵਾਰ ਜੱਦੀ ਪਿੰਡ ਲਾਗੇ ਡਾਂਗੋ ਵਿੱਚ ਉਸ ਦਾ ਪ੍ਰੋਗਰਾਮ ਬੁੱਕ ਹੋ ਗਿਆ ਤੇ ਉਹ ਦੋ ਗਾਉਣ ਵਾਲੀਆਂ ਨੂੰ ਨਾਲ ਲੈ ਕੇ ਪ੍ਰੋਗਰਾਮ ਲਗਾਉਣ ਚਲਾ ਗਿਆ। ਉਥੇ ਬਰਾਤੀਆਂ ਵਿੱਚ ਦਾਦੇ ਦਾ ਕੋਈ ਮਿੱਤਰ ਵੀ ਸੀ ਤੇ ਉਸ ਨੇ ਦਾਦੇ ਕੋਲ ਚੁਗਲੀ ਕਰ ਦਿੱਤੀ ਕਿ, 'ਥੋਡਾ ਮੁੰਡਾ ਤਾਂ ਖਰਾਬ ਹੋ ਗਿਐ, ਪਾਣੀ ਸਿਰੋਂ ਲੰਘ ਗਿਐ, ਜੇ ਇੱਜ਼ਤ ਬਚਾ ਸਕਦੇ ਓ ਤਾਂ ਬਚਾ ਲਵੋ।' ਪਰਵਾਨਾ ਉਦੋਂ ਲੁਧਿਆਣੇ ਕਮਰਾ ਕਿਰਾਏ 'ਤੇ ਲੈ ਕੇ ਰਹਿੰਦਾ ਹੁੰਦਾ ਸੀ ਕਿ ਇੱਕ ਦਿਨ ਦਾਦਾ ਉਥੇ ਆ ਗਿਆ। ਉਸ ਨੇ ਪਰਵਾਨੇ ਨੂੰ ਆਖਿਆ, 'ਪੁੱਤ ਜੇ ਤੂੰ ਏਸੇ ਤਰ੍ਹਾਂ ਗਾਉਂਦਾ ਰਿਹਾ ਤਾਂ ਮੇਰੀ ਮੌਤ ਛੇਤੀ ਹੋਜੂ, ਅੱਗੇ ਤੇਰੀ ਮਰਜ਼ੀ।' ਪਰਵਾਨੇ ਨੂੰ ਦਾਦੇ 'ਤੇ ਤਰਸ ਆਇਆ ਤੇ ਉਸ ਨੇ ਗਾਉਣ 'ਚ ਬ੍ਰੇਕ ਪਾ ਦਿੱਤੀ।

1968 ਵਿੱਚ ਪੀ.ਐਂਡ ਈ. ਦੀਆਂ ਪੋਸਟਾਂ ਨਿਕਲੀਆਂ ਤੇ ਪਰਵਾਨੇ ਨੇ ਅਪਲਾਈ ਕਰ ਦਿੱਤਾ। ਉਸ ਦੀ ਸਿਲੈਕਸ਼ਨ ਹੋ ਗਈ ਤੇ ਪੋਸਟਿੰਗ ਸ਼ਿਮਲੇ ਹੋਈ। ਉਹ ਫਿਰ ਪੰਜਾਬ ਨਾਲੋਂ ਟੁੱਟ ਗਿਆ। 1971 ਵਿੱਚ ਉਹ ਆਰਮੀ ਵਿੱਚ ਡੈਪੂਟੇਸ਼ਨ 'ਤੇ ਚਲਾ ਗਿਆ, ਪਰ ਮਹਿਕਮੇ ਵਾਲਿਆਂ ਨਾਲ ਉਸ ਦਾ ਕੋਈ ਚੱਕਰ ਪੈ ਗਿਆ ਤੇ ਉਸ ਨੇ ਇੱਥੇ ਵੀ ਲੱਤ ਮਾਰ ਦਿੱਤੀ। 1984 ਵਿੱਚ ਉਹ ਵਾਪਸ ਲੁਧਿਆਣੇ ਆ ਗਿਆ। ਏਨੇ ਵਕਫ਼ੇ ਵਿੱਚ ਗਾਇਕੀ 'ਚ ਢੇਰ ਕੁੱਝ ਬਦਲ ਚੁੱਕਾ ਸੀ। ਉਸ ਦੇ ਸ਼ੁਰੂਆਤੀ ਦਿਨਾਂ ਵਿੱਚ ਜਿਹੜੇ ਲੋਕਾਂ ਨੇ ਗਾਉਣਾ ਸ਼ੁਰੂ ਨਹੀਂ ਸੀ ਕੀਤਾ, ਉਨ੍ਹਾਂ 'ਚੋਂ ਕਈ ਸਟਾਰ ਬਣ ਚੁੱਕੇ ਸਨ। ਸਭ ਕੁੱਝ ਭੁੱਲ-ਭੁਲਾ ਪਰਵਾਨੇ ਨੇ ਸੈਂਟਰਲ ਟੈਲੀਗ੍ਰਾਫ਼ ਆਫ਼ਿਸ ਵਿੱਚ ਨੌਕਰੀ ਸ਼ੁਰੂ ਕਰ ਦਿੱਤੀ।

ਗਾਇਕੀ ਦਾ ਕੀੜਾ ਉਸ ਨੂੰ ਟਿਕਣ ਨਹੀਂ ਸੀ ਦੇ ਰਿਹਾ ਤੇ ਇੱਥੇ ਉਸ ਨੇ ਮੁੜ ਗਾਉਣਾ ਸ਼ੁਰੂ ਕਰ ਦਿੱਤਾ। ਉਸ ਦੀ ਇੱਕ ਧਾਰਮਿਕ ਕੈਸਿਟ 'ਟੀ.ਐਮ.ਸੀ. ਕੰਪਨੀ' ਵਿੱਚ ਆਈ, 'ਸਾਕਾ ਭਾਰੀ ਤਾਰੂ ਸਿੰਘ'। ਇਸ ਵਿਚਲੇ ਗੀਤ ਦੇਵ ਥਰੀਕੇ ਵਾਲਾ ਦੇ ਲਿਖੇ ਸਨ। 1985 ਵਿੱਚ ਉਸ ਨੇ ਸਵਰਨ ਲਤਾ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਤੇ 1986 ਵਿੱਚ ਉਸ ਦਾ ਪਹਿਲਾ ਈ.ਪੀ. ਰਿਕਾਰਡ ਆਇਆ, 'ਤਮਾਸ਼ਾ ਛੜਿਆਂ ਦਾ।' ਉਦੋਂ ਦੇ ਪੰਜ-ਛੇ ਨਾਮਵਰ ਗਾਇਕਾਂ ਨੇ ਰਲ ਕੇ ਕੰਪਨੀ ਬਣਾਈ ਸੀ, 'ਕੇ.ਆਰ.ਸੀ.' (ਕੁਸਾਡਿੰਗ)। ਇਸ ਰਿਕਾਰਡ ਵਿੱਚ ਦਸ ਦੋਗਾਣੇ ਸਨ, ਇੱਕ ਲਤਾ ਦਾ ਸੋਲੋ ਸੀ ਤੇ ਬਾਕੀ ਨੌਂ ਪਰਵਾਨੇ ਤੇ ਲਤਾ ਦੇ ਦੋਗਾਣੇ। ਪਰਵਾਨੇ ਨੂੰ ਬ੍ਰੇਕ ਦੀ ਲੋੜ ਸੀ ਤੇ ਲਤਾ ਨੂੰ ਨਾਲ ਗਾਉਣ ਵਾਲੇ ਚੰਗੇ ਮੁੰਡੇ ਦੀ। ਇਸ ਰਿਕਾਰਡ ਵਿਚਲੇ ਗੀਤ ਤੱਤੇ ਜਿਹੇ ਸਨ। 'ਜੇਠ ਕੁਪੱਤਾ ਮਾਰੇ ਮੱਥਾ', 'ਠੇਕੇ ਤੋਂ ਬੋਤਲ ਲਿਆਇਆ ਜੱਟ', 'ਟੋਭੇ ਉੱਤੇ ਘਰ ਵੇ ਵਿੱਚ ਡੱਡੂ ਬੋਲਦੇ', 'ਰੰਨ ਮੱਕੀ ਦੇ ਟੁੱਕ ਵਰਗੀ', 'ਕੁੜਮ ਸ਼ਰਾਬੀ ਹੋ ਗਿਆ', 'ਗਿੱਲੀ ਕੰਧ ਪੈ ਗਈ ਟੱਪਣੀ', 'ਉਦੋਂ ਕਿਉਂ ਨਾ ਆਇਆ' ਤੇ 'ਰਾਤ ਦੇ ਸ਼ਰਾਬੀ ਵਾਂਗੂੰ' ਗੀਤਾਂ ਦਾ ਜ਼ਿਕਰ ਕਰਨੋਂ ਪਰਵਾਨਾ ਹੁਣ ਥੋੜ੍ਹਾ ਜਿਹਾ ਝਕਦਾ ਹੈ।

ਇਹ ਰਿਕਾਰਡ ਚੰਗਾ ਚੱਲਿਆ, ਪਰ ਉਸ ਤੋਂ ਬਾਅਦ ਪਰਵਾਨੇ ਦਾ ਕੋਈ ਰਿਕਾਰਡ ਨਾ ਆਇਆ। ਰਿਕਾਰਡਾਂ ਵੱਲ ਉਸ ਦਾ ਬਹੁਤਾ ਧਿਆਨ ਨਹੀਂ ਸੀ ਤੇ ਨਾਲੇ ਉਹ ਘਰਦਿਆਂ ਦੇ ਇਤਰਾਜ਼ ਦੇ ਬਾਵਜੂਦ ਇਹ ਸਭ ਕਰਦਾ ਸੀ। ਸਵਰਨ ਲਤਾ ਨਾਲ ਵੀ ਪਰਵਾਨੇ ਨੇ ਡੇਢ ਕੁ ਸਾਲ ਗਾਇਆ। 1991 ਵਿੱਚ ਪ੍ਰੋਫ਼ੈਸਰ ਮੋਹਣ ਸਿੰਘ ਫਾਊਂਡੇਸ਼ਨ ਵੱਲੋਂ ਉਸ ਦੀ 'ਸੁਣ ਹੀਰ ਸਲੇਟੜੀਏ' ਕੈਸਿਟ ਰਿਕਾਰਡ ਕੀਤੀ ਗਈ। 'ਐਮ.ਪੀ.ਆਈ' ਨੇ ਇਸ ਨੂੰ ਰਿਲੀਜ਼ ਕੀਤਾ। ਇਸ ਵਿੱਚ ਹਰਦਿਆਲ ਪਰਵਾਨਾ ਦੇ ਪੰਜ ਸੋਲੋ ਗੀਤ ਸਨ ਤੇ ਤਿੰਨ ਗੁਲਸ਼ਨ ਕੋਮਲ ਦੇ। ਇਹ ਕੈਸਿਟ ਚੰਗੀ ਚੱਲੀ ਤੇ ਪਰਵਾਨੇ ਦਾ ਪ੍ਰੋਗਰਾਮ ਲਗਾਉਣ ਦਾ ਸਿਲਸਿਲਾ ਜਾਰੀ ਰਿਹਾ। ਫੇਰ ਰਿਕਾਰਡ ਵਿਚਲੇ ਗੀਤ ਕੈਸਿਟ ਵਿੱਚ ਸ਼ਾਮਿਲ ਕਰਕੇ ਰਿਲੀਜ਼ ਕੀਤੇ ਗਏ। ਇਸ ਤਰ੍ਹਾਂ ਪਰਵਾਨੇ ਦੀਆਂ ਕੁੱਲ ਤਿੰਨ ਕੈਸਿਟਾਂ ਤੇ ਇੱਕ ਰਿਕਾਰਡ ਮਾਰਕੀਟ ਵਿੱਚ ਆਇਆ।

ਹਰਦਿਆਲ ਸਿੰਘ ਪਰਵਾਨੇ ਨੇ ਜਿੰਨਾ ਕੁ ਕਮਰਸ਼ੀਅਲ ਗਾਇਆ, ਉਸ ਨਾਲੋਂ ਕਿਤੇ ਵੱਧ ਧਾਰਮਿਕ ਰੰਗਣ ਵਾਲਾ। ਧਾਰਮਿਕ ਪ੍ਰੋਗਰਾਮ ਲਗਾਉਣ ਵਿੱਚ ਉਸ ਨੂੰ ਏਨੀ ਮੁਹਾਰਤ ਸੀ ਕਿ ਉਸ ਦੇ ਨੇੜੇ ਛੇਤੀ ਕਿਤੇ ਹੋਰ ਕੋਈ ਨਾ ਟਿਕਦਾ। 1968 ਵਿੱਚ ਉਸ ਦਾ ਵਿਆਹ ਸ਼ਰਨਜੀਤ ਕੌਰ ਨਾਲ ਹੋ ਗਿਆ ਤੇ ਫੇਰ ਤਿੰਨ ਬੇਟੀਆਂ ਤੇ ਇੱਕ ਬੇਟੇ ਨੇ ਉਸ ਦੇ ਘਰ ਜਨਮ ਲਿਆ। 2002 ਵਿੱਚ ਪਰਵਾਨਾ ਬੀ.ਸੀ.ਐਨ.ਐਲ. ਵਿੱਚੋਂ ਬਤੌਰ ਸੁਪਰਡੈਂਟ ਰਿਟਾਇਰਡ ਹੋਇਆ ਅਤੇ ਹੁਣ ਉਹ ਸ਼ੌਕ ਦੇ ਕਬੂਤਰ ਉਡਾਉਂਦਾ ਮਿੱਤਰਾਂ ਸੰਗ ਖ਼ੁਸ਼ੀ-ਖ਼ੁਸ਼ੀ ਵਕਤ ਬਿਤਾਉਂਦੈ, ਪੋਤੇ ਨਾਲ ਲਾਡ ਕਰਦੈ ਤੇ ਅਖ਼ਬਾਰਾਂ ਪੜ੍ਹਦਾ ਰਹਿੰਦੈ।

ਉਸ ਦੇ ਚਾਰੋਂ ਨਿਆਣਿਆਂ ਨੇ ਵਧੀਆ ਪੜ੍ਹਾਈ ਕੀਤੀ। ਇੱਕ ਕੁੜੀ ਉਸ ਦੀ ਕਨੇਡਾ ਵਸੀ ਹੋਈ ਹੈ, ਇੱਕ ਅਧਿਆਪਕ ਹੈ ਅਤੇ ਬਾਕੀ ਵੀ ਚੰਗੇ ਕੰਮਾਂ 'ਤੇ ਲੱਗੇ ਹੋਏ ਨੇ। ਪਰਵਾਨੇ ਨੂੰ ਹਾਲੇ ਵੀ ਗਾਇਕੀ ਨਾਲ ਇਸ਼ਕ ਹੈ ਅਤੇ ਉਹ ਆਖਦਾ ਹੈ ਕਿ ਜਦੋਂ ਮੈਨੂੰ ਚਾਰੇ ਪਾਸਿਓਂ ਗਾਉਣ ਲਈ ਰੋਕਿਆ ਜਾ ਰਿਹਾ ਸੀ, ਗਾਇਕੀ ਨਾਲੋਂ ਮੇਰੀ ਮੁਹੱਬਤ ਉਦੋਂ ਨਹੀਂ ਮੁੱਕੀ ਤਾਂ ਫਿਰ ਹੁਣ ਕਾਹਦੀ ਮੁੱਕਣੀ ਹੈ। ਪਰਵਾਨਾ ਦਿਲ ਦਾ ਜਵਾਨ ਹੈ ਅਤੇ ਸਿਹਤ ਦਾ ਨਰੋਆ। ਉਹ ਚੰਗੇ ਜੁੱਸੇ ਦਾ ਮਾਲਕ ਹੈ ਅਤੇ ਪਹਿਲੀ ਨਜ਼ਰੇ ਵਧੀਆ ਐਥਲੀਟ ਲੱਗਦਾ ਹੈ। ਉਸ ਨੂੰ ਮਾਣ ਹੈ ਕਿ ਸੰਗੀਤ ਪ੍ਰੇਮੀਆਂ ਨੇ ਉਸ ਨੂੰ ਬੁੱਧੀਜੀਵੀਆਂ ਦਾ ਗਾਇਕ ਕਰਾਰ ਦਿੱਤਾ। 'ਦਿਲ ਮੰਗਦਾ ਹਮੇਸ਼ਾ ਸੋਹਣੇ ਸੱਜਣਾਂ ਦੀ ਖ਼ੈਰ' ਗੀਤ ਉਹ ਹਰ ਸਮਾਗਮ ਵਿੱਚ ਗਾਉਂਦੈ, ਭਾਵੇਂ ਉਹ ਸੱਭਿਆਚਾਰਕ ਮੇਲਾ ਹੋਵੇ, ਕਵੀ ਦਰਬਾਰ ਜਾਂ ਪੰਜਾਬੀ ਭਵਨ ਦਾ ਕੋਈ ਸਮਾਗਮ। ਪਰਵਾਨਾ ਆਖਦੈ, 'ਜੇ ਮੈਨੂੰ ਘਰਦਿਆਂ ਵੱਲੋਂ ਉਤਸ਼ਾਹ ਮਿਲਦਾ ਅਤੇ ਨੌਕਰੀ ਦੇ ਚੱਕਰ ਵਿੱਚ ਥਾਂ-ਥਾਂ ਨਾ ਜਾਣਾ ਪੈਂਦਾ ਤਾਂ ਮੈਂ ਗਾਇਕੀ ਵਿੱਚ ਹੋਰ ਬੁਲੰਦੀਆਂ ਛੂਹ ਲੈਂਦਾ।

**Harcourts** Manukau Titanium Real Estate Ltd

# THINKING OF BUYING OR SELLING

## ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।

## ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਤਜ਼ਰਬੇਕਾਰ ਸਲਾਹਕਾਰ

## Hardev Brar

Sales Consultant

**M** 027 442 7338 **P** 09 277 9780

hardev.brar@harcourts.co.nz

www.manukau.harcourts.co.nz

12 Osterley Way, Manukau, Auckland 2104
PO Box 23-572, Manukau



# ਖੇਡ ਖਿਡੌਣੇ ਤੇ ਘੜਨਹਾਰ



ਵਿਸ਼ੇ ਵਸਤੂ ਬਾਬਤ :- ਜਿਵੇਂ ਕਿ ਅਸੀਂ ਸਾਰੇ ਹੀ ਵਾਕਿਫ਼ ਹਾਂ ਕਿ ਕੁਲ ਸੰਸਾਰ ਦਾ ਪਸਾਰਾ ੴ ਦੀ ਕ੍ਰਿਤ ਹੈ । ਸਭ ਕੁਝ ਉਸਦੀ ਰਜ਼ਾ ਵਿੱਚ ਚਲ ਰਿਹਾ ਹੈ ਤੇ ਉਸਦਾ ਅੰਤ ਨਾ ਪਾਰਾਵਾਰ ਹੈ । ਉਸਨੇ ਜੀਵਾਂ ਦੇ ਕੁਝ ਕਰਮਾਂ ਨਾਲ ਸਬੰਧਤ ਕੁਝ ਵਿਭਾਗ ਤੇ ਗਰੁੱਪ ਰਚੇ ਹਨ। ਇਨਾਂ ਗਰੁੱਪਾਂ ਦੀ ਸੀਮਾ ਤਹਿ ਕੀਤੀ ਹੋਈ ਹੈ। ਕੋਈ ਵੀ ਜੀਵ ਉਸ ਸੀਮਾ ਦੇ ਦਾਇਰੇ ਵਿੱਚ ਰਹਿ ਕੇ ਹੀ ਆਪਣੀ ਮਰਜ਼ੀ ਨਾਲ ਜਾਇਜ਼ ਤੌਰ ਦੇ ਉਲਟ ਫੇਰ ਕਰ ਸਕਦਾ ਹੈ । ਉਸ ਸੀਮਾ ਤੋਂ ਬਾਹਰ ਨਹੀਂ। ਇਸੇ ਨਿਯਮ ਅਨੁਸਾਰ ਹੀ ਜੀਵਨ ਦੇ ਵੱਡੇ ਵੱਡੇ ਕੰਮ ਲਈ ,ਅਸੀਂ ਜਿੰਨਾ ਮਰਜ਼ੀ ਜੋਰ ਲਾ ਲਈਏ , ਇੱਕ ਥਾਂ ਆਕੇ ਹਾਰ ਜਾਂਦੇ ਹਾਂ। ਸਾਨੂੰ ਆਪਣੀ ਅਸਮਰੱਥਤਾ ਦਾ ਅਹਿਸਾਸ ਹੁੰਦਾ ਹੈ।ਇਥੇ ਕਹਿਣਾ ਲਾਜ਼ਮੀ ਹੈ ਕਿ ਹਜ਼ਾਰਾਂ ਠੋਸ ਵਿਉਂਤਾਂ ਵੀ ਧਰੀਆਂ ਦੀਆਂ ਧਰੀਆਂ ਰਹਿ ਜਾਂਦੀਆਂ ਹਨ ਜੇ ਪਰਵਰਦਿਗਾਰ ਦਾ ਹੁਕਮ ਨਾ ਹੋਵੇ। ਜੇ ਇਸਨੂੰ ਦੂਸਰੇ ਪੱਖ ਤੋਂ ਦੇਖੀਏ ਤਾਂ ਜੀਵਨ ਵਿੱਚ ਘਟਨ ਵਾਲੀ ਹਰ ਚੰਗੀ ਜਾਂ ਮਾੜੀ ਘਟਣਾ ਉੱਤੇ ਜੀਵ ਦਾ ਕੋਈ ਵੱਸ ਨਹੀਂ, ਉਹ ਸਭ ਕੁਝ ਪਹਿਲਾਂ ਹੀ ਲਿਖਿਆ ਹੁੰਦਾ ਹੈ, ਉਦਾਹਰਣ ਵਜੋਂ ਅਸੀਂ ਕੋਈ ਬਿਜਨੈਸ ਖੋਲ੍ਹਣ ਦੀ ਯੋਜਨਾ ਬਣਾਈ ਹੁੰਦੀ ਹੈ,ਪਰ ਅਚਾਨਕ ਹੀ ਘਰ ਦਾ ਕੋਈ ਜੀਅ ਕਿਸੇ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਸਾਰੀ ਜਮਾਂ ਪੂੰਜੀ ਉਧਰ ਲੱਗ ਜਾਂਦੀ ਹੈ। ਅਸੀਂ ਆਪਣਾ ਘਰ ਸਵਰਗ ਵਰਗਾ ਬਨਾਉਣ ਦੀ ਸੋਚਦੇ ਹਾਂ , ਪਰ ਕੋਈ ਘਰ ਦਾ ਭੇਤੀ ਸਾਰੀ ਦੀ ਸਾਰੀ ਲੰਕਾ ਢਾਹ ਦਿੰਦਾ ਹੈ, ਤੇ ਖੇੜਿਆਂ ਦੀ ਥਾਂ ਬਾਕੀ ਸਾਰਾ ਪਰਿਵਾਰ ਖੱਖੜੀਆਂ ਕਰੇਲੇ ਹੋ ਜਾਂਦਾ ਹੈ। ਅਜਿਹੇ ਦਰਦ ਸਰਬ ਵਿਆਪਕ ਹਨ,ਬੱਸ ਥੋੜੇ ਮੋਟੇ ਫਰਕ ਨਾਲ ।

ਖੇਡ :- ਮੇਰੀ ਤੁੱਛ ਸੋਚ ਮੁਤਾਬਿਕ ਪ੍ਰਭੂ ਪ੍ਰਮਾਤਮਾ ਇੱਕ ਸੁਪਰ ਸੁਪਰੀਮ ਕੋਰਟ ਹੈ ,ਸੱਚ ਤੋਂ ਵੀ ਸੱਚੇ ਫੈਸਲੇ ਕਰਦਾ ਹੈ। ਦੁਨਿਆਵੀ ਅਦਾਲਤਾਂ ਆਪਣੇ ਝੂਠੇ ਫੈਸਲਿਆਂ ਨੂੰ ਜਿੰਨਾ ਮਰਜੀ ਸੱਚਾਈ ਦਾ ਮੁਲੱਮਾ ਚਾੜ੍ਹ ਕੇ ਪੇਸ਼ ਕਰ ਦੇਵੇ,ਪਰ ਉਸ ਸੁਪਰ ਸੁਪਰੀਮ ਤਾਕਤ ਤੋਂ ਕੁਝ ਨਹੀਂ ਲੁਕਿਆ ਤੇ ਇੱਕ ਦਿਨ ਉਹ ਦੁਧ ਦਾ ਦੁਧ,ਪਾਣੀ ਦਾ ਪਾਣੀ ਕਰਕੇ ਪਾਪੀ ਨੂੰ ਦੁਨੀਆਂ ਸਾਹਮਣੇ ਹੀ ਸਜ਼ਾ ਦਿੰਦੀ ਹੈ।

ਜਿਥੇ ਇਸਦੇ ਹੱਥ ਵਿੱਚ ਤਮਾਮ ਮਨੁੱਖ,ਜੀਵ ਜੰਤੂ, ਬਨਸਪਤੀ ,ਮਾਰੂਥਲ, ਪਹਾੜ, ਹਵਾ, ਪਾਣੀ,ਦਿਨ ਰਾਤ, ਬਰਸਾਤ, ਸੋਕਾ ਮਰਨ, ਜੰਮਣ, ਮਨੁੱਖੀ ਚੰਗੇ ਮੰਦੇ ਕਰਮ, ਬੁੱਧ, ਵਿਵੇਕ ,(ਮੱਧਮ ਤੇ ਉਤੱਮ ),ਵੱਡੇ ਛੋਟੇ ਦੁੱਖਾਂ ਸੁੱਖਾਂ,ਦੀ ਡੋਰ ਬੰਨੀ ਹੈ ਉਥੇ ਹੀ ਤਿੰਨੇ ਭਵਨ ,ਬ੍ਰਹਮੰਡ ,ਧਰਤੀ ਤੇ ਪਾਤਾਲ ਤੇ ਨੌਂ ਖੰਡ ਪ੍ਰਿਥਮੀ , ਚੰਦ ਤਾਰੇ ਤੇ ਸਮਸਥ ਗ੍ਰਹਿ ਨਛੱਤਰ ਵੀ ਉਸੇ ਇੱਕ ਦੇ ਹੁਕਮ ਵਿੱਚ ਹਨ। ਇਹਨੂੰ ਅਜੋਕੇ ਸਮੇਂ ਅਨੁਸਾਰ ਇਓਂ ਵੀ ਸਮਝਿਆ ਜਾ ਸਕਦਾ ਹੈ , ਜਿਵੇਂ,ਉਹ ਸਭ ਦਾ ਵਾਲੀ, ਇੱਕੋ ਇੱਕ ਬਾਦਸ਼ਾਹ, ਵਿਭਾਗ ਦਾ ਡਾਇਰੈਕਟਰ, ਜਾਂ ਸੀ ਈ ਓ ਹੋਵੇ, ਜਿਸਦੇ ਹੁਕਮ ਅਨੁਸਾਰ ਇਹ ਸਾਰੇ, ਹੇਠਲੇ ਅਧਿਕਾਰੀ ਤੇ ਕਰਮਚਾਰੀ ਪੁਤਲੀਆਂ ਦੀ ਤਰਾਂ ਨੱਚਦੇ ਹੋਣ । ਮੈਂ ਇੱਕ ਵਿਸ਼ੇਸ਼ ਵਿਸ਼ੇ ਵੱਲ ਆਪ ਜੀ ਦਾ ਧਿਆਨ ਦੁਆਉਣਾ ਚਾਹੁੰਦੀ ਹਾਂ,ਕਿ ਅੱਜਕੱਲ ਫਿਰ ਤੋਂ ਮਨੁੱਖੀ ਦਿਨ ਚਰਿਆ ਵਿੱਚ ਜੋਤਿਸ਼ ਤੇ ਗ੍ਰਿਹ ਨਛੱਤਰਾਂ ਦਾ ਬੋਲਬਾਲਾ ਕਾਫੀ ਵਧ ਚੁੱਕਿਆ ਹੈ। ਮਾਡਰਨ ਐਸਟਰੌਲੋਜੀ ਇੱਕ ਸਾਇੰਸ ਹੈ ਪਰ ਅਨਪੜ੍ਹਤਾ ਅਜੇ ਵੀ ਇਸਨੂੰ ਵਹਿਮਾਂ ਭਰਮਾਂ ਦੇ ਸ਼ੀਸ਼ੇ ਰਾਹੀਂ ਹੀ ਦੇਖਦੀ ਹੈ। ਅਸਲ ਵਿੱਚ ਇਹ ਉਸੇ ਤਰ੍ਹਾਂ ਹੈ,ਜਿਵੇਂ ਕਈ ਸਦੀਆਂ ਪਹਿਲਾਂ ਸਾਇੰਸਦਾਨਾਂ ਨੇ ਮਨੁੱਖੀ ਸਰੀਰ ਬਾਰੇ ਜਾਨਕਾਰੀ ਲੱਭਣੀ ਸ਼ੁਰੂ ਕੀਤੀ ਤੇ ਫਿਰ ਬਹੁਤ ਸਾਰੀਆਂ ਹੈਰਾਨ ਕਰਨ ਵਾਲੀਆਂ ਜਾਣਕਾਰੀਆਂ ਖੋਜ ਕੇ ,ਜੀਵਨ ਦੀ ਕੁਝ ਹੱਦ ਤੱਕ ਨੁਹਾਰ ਬਦਲਣ ਵਿੱਚ ਕਾਮਯਾਬ ਰਹੇ,ਪਰ ਹਜ਼ਾਰਾਂ ਕੋਸ਼ਿਸ਼ਾਂ ਤੋਂ ਬਾਅਦ ਵੀ ਜੀਵ ਨੂੰ ਬਾਹਰੀ ਤੌਰ ਤੇ ਪੈਦਾ ਕਰਨ ਵਿ ਅਸਮਰੱਥ ਹੀ ਰਹੇ। ਇਸੇ ਤਰਾਂ ਜੋਤਿਸ਼ ਵਿਗਿਆਨ ਵੀ ਮਨੁੱਖ ਵਾਸਤੇ ਸਿਰਫ ਪੜਨ ਤੇ ਥੋੜੇ ਬਹੁਤੇ ਫੇਰ ਬਦਲ ਕਰ ਸਕਣ ਦਾ ਵਿਸ਼ਾ ਹੈ,ਜੀਵਨ ਦੇਣਾ ਜਾਂ ਲੈਣ ਵਰਗੀਆਂ ਵੱਡੀਆਂ ਵੱਡੀਆਂ ਘਟਨਾਵਾਂ ਤੇ ਦੁਰਘਟਨਾਵਾਂ ਦਾ ਰਾਜ ਓਸ ਅਪਰੰਪਾਰ ਨੇ ਆਪਣੇ ਕੋਲ ਹੀ ਰੱਖਿਆ ਹੈ। ਜਿੰਨੇ ਵੀ ਇਹ ਗ੍ਰਹਿ ਗੋਚਰ ਤੇ , ਨਛੱਤਰ ਹਨ, ਮਨੁੱਖੀ ਜੀਵਨ ਉਤੇ ਸਮੇਂ ਸਮੇਂ, ਸਿਰ ਆਪਣੀ ਚਾਲ ਦੇ ਬਦਲਣ ਅਨੁਸਾਰ ਪ੍ਰਭਾਵ ਬਦਲਦੇ ਰਹਿੰਦੇ ਹਨ । ਇਹ ਪ੍ਰਮਾਤਮਾ ਦੀ ਹੀ ਖੇਡ ਹੈ । ਉਸੇ ਨੇ ਇਨਸਾਨਾਂ ਦੇ ਕਰਮਾਂ ਦੇ ਫਲ ਦਾ ਕੁਝ ਜਿੰਮਾ ਇਸ ਵਿਭਾਗ ਨੂੰ ਸੌਂਪਿਆ ਹੈ । ਪਰ ਅੰਤਲੀਆਂ ਸ਼ਕਤੀਆਂ ਤੇ ਫੈਸਲੇ ਉਸਦੇ ਆਪਣੇ ਹੀ ਕੋਲ ਹਨ ,ਤਾਂ ਹੀ ਤਾਂ ਹਰ ਸੱਚਾ ਤੇ ਇਨਾਂ ਵਿਦਿਆਵਾਂ ਦਾ ਮਾਹਿਰ ਵੀ , ਕਿਸੇ ਵੀ ਮੁਸ਼ਕਿਲ ਦੇ ਉਪਾਵ ਵਿੱਚ ਅੰਤ ਨੂੰ ਵਾਹਿਗੁਰੂ ਨਾਮ ਸਿਮਰਨ ਦੀ ਸਲਾਹ ਹੀ ਦਿੰਦਾ ਹੈ।

ਤੱਤਸਾਰ:- ਮਸਕੀਨ ਜੀ ਦੇ ਹਵਾਲੇ ਤੋਂ ,ਤੇ ਆਪਣੇ ਨਿੱਜੀ ਤਜਰਬੇ ਤੋਂ ਕਹਿਣਾ ਚਾਹੁੰਦੀ ਹਾਂ ਕਿ ਜਾਣ ਜਾਣਕੇ ਜਾਣਿਆ,ਕਿ ਕੁਝ ਵੀ ਨਹੀਂ ਜਾਣਿਆਂ॥

ਬਸ , ਤੂੰ ਸਮਰੱਥ ਵਧਾ
ਮੇਰੀ ਮੱਤ ਥੋਰੀ ਏ !!!!

**ਨਰੇਸ਼ ਕੁਮਾਰੀ ਸ਼ਰਮਾ**
+02041755894





**ਕੁਲਵਿੰਦਰ ਸਿੰਘ ਝੱਮਟ QSM ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਨੂੰ ਲੋਹੜੀ ਅਤੇ ਮਾਘੀ ਦੇ ਤਿਉਹਾਰ ਦੀਆਂ ਬਹੁਤ-ਬਹੁਤ ਮੁਬਾਰਕਾਂ।**

**Kulwinder Singh JHAMAT QSM**
**Pokeno Jandu Singh Wala**



**ਹਰਦੇਵ ਬਰਾੜ ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਅਤੇ ਪੂਰੇ ਨਗਰ ਨਿਵਾਸੀਆਂ ਨੂੰ ਲੋਹੜੀ ਅਤੇ ਮਾਘੀ ਦੇ ਤਿਉਹਾਰ ਦੀਆਂ ਬਹੁਤ-ਬਹੁਤ ਮੁਬਾਰਕਾਂ।**

# ਅਦਾਕਾਰ ਚਿਰੰਜੀਵੀ ਨੇ PM ਮੋਦੀ ਨਾਲ ਮਨਾਇਆ ਮਕਰ ਸੰਕ੍ਰਾਂਤੀ ਦਾ ਤਿਉਹਾਰ





ਨਵੀਂ ਦਿੱਲੀ- ਅੱਜ ਦੇਸ਼ ਭਰ 'ਚ ਮਕਰ ਸੰਕ੍ਰਾਂਤੀ ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਨੂੰ ਵੱਖ-ਵੱਖ ਰਾਜਾਂ 'ਚ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ। ਜਿਵੇਂ ਦੱਖਣੀ ਭਾਰਤ 'ਚ ਇਸ ਨੂੰ ਪੋਂਗਲ ਕਿਹਾ ਜਾਂਦਾ ਹੈ। ਆਮ ਲੋਕਾਂ ਤੋਂ ਲੈ ਕੇ ਮਸ਼ਹੂਰ ਹਸਤੀਆਂ ਤੱਕ, ਹਰ ਕੋਈ ਪੋਂਗਲ ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਉਂਦਾ ਹੈ। ਇਸ ਵਾਰ ਵੀ ਮਸ਼ਹੂਰ ਹਸਤੀਆਂ ਨੇ ਪੋਂਗਲ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਪਰ ਚਿਰੰਜੀਵੀ ਦੇ ਪੋਂਗਲ ਦੇ ਜਸ਼ਨ ਨੂੰ ਸੋਸ਼ਲ ਮੀਡੀਆ 'ਤੇ ਉਜਾਗਰ ਕੀਤਾ ਗਿਆ ਹੈ। ਕਿਉਂਕਿ ਇਸ ਵਾਰ ਚਿਰੰਜੀਵੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਪੋਂਗਲ ਮਨਾਇਆ। ਜਿਸ ਦੀ ਵੀਡੀਓ ਅਤੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਗਈਆਂ ਹਨ।

ਮੈਗਾਸਟਾਰ ਚਿਰੰਜੀਵੀ ਨੇ ਦਿੱਲੀ 'ਚ ਕੇਂਦਰੀ ਮੰਤਰੀ ਜੀ ਕਿਸ਼ਨ ਰੈੱਡੀ ਦੇ ਘਰ ਪ੍ਰਧਾਨ ਮੰਤਰੀ ਮੋਦੀ ਨਾਲ ਪੋਂਗਲ ਮਨਾਇਆ। ਇਸ ਜਸ਼ਨ 'ਚ ਬੈਡਮਿੰਟਨ ਖਿਡਾਰੀ ਪੀਵੀ ਸਿੱਧੂ ਨੇ ਵੀ ਹਿੱਸਾ ਲਿਆ। ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ 'ਤੇ ਜਸ਼ਨ ਦੀ ਵੀਡੀਓ ਸਾਂਝੀ ਕੀਤੀ। ਵੀਡੀਓ ਸ਼ੇਅਰ ਕਰਦੇ ਹੋਏ, ਉਨ੍ਹਾਂ ਨੇ ਕੈਪਸ਼ਨ 'ਚ ਲਿਖਿਆ, 'ਮੈਂ ਇੱਕ ਸ਼ਾਨਦਾਰ ਸੰਕ੍ਰਾਂਤੀ ਅਤੇ ਪੋਂਗਲ ਸਮਾਗਮ ਦਾ ਹਿੱਸਾ ਸੀ।' ਇਹ ਤਿਉਹਾਰ ਸਾਰਿਆਂ ਲਈ ਖੁਸ਼ੀਆਂ ਅਤੇ ਖੁਸ਼ਹਾਲੀ ਲਿਆਵੇ। ਅਜਿਹੇ ਪ੍ਰੋਗਰਾਮ ਸਾਨੂੰ ਆਪਣੀਆਂ ਪਰੰਪਰਾਵਾਂ ਦਾ ਜਸ਼ਨ ਮਨਾਉਣ ਦਾ ਮੌਕਾ ਦਿੰਦੇ ਹਨ। ਤਸਵੀਰਾਂ ਸਾਂਝੀਆਂ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਲਿਖਿਆ, 'ਸੰਕ੍ਰਾਂਤੀ ਅਤੇ ਪੋਂਗਲ ਦਾ ਜਸ਼ਨ ਸ਼ਾਨਦਾਰ ਸੀ।' ਅਸੀਂ ਸ਼੍ਰੀ ਜੀ ਕਿਸ਼ਨ ਰੈੱਡੀ ਦੇ ਘਰ ਸੱਭਿਆਚਾਰਕ ਪ੍ਰੋਗਰਾਮ ਦਾ ਆਨੰਦ ਮਾਣਿਆ। ਮੈਂ ਤੁਹਾਨੂੰ ਸਾਰਿਆਂ ਨੂੰ ਸੰਕ੍ਰਾਂਤੀ ਅਤੇ ਪੋਂਗਲ ਦੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ।

ਪ੍ਰਧਾਨ ਮੰਤਰੀ ਮੋਦੀ ਅਤੇ ਚਿਰੰਜੀਵੀ ਤੋਂ ਇਲਾਵਾ, ਪੀਵੀ ਸਿੰਧੂ, ਭਾਜਪਾ ਨੇਤਾ ਜੇਪੀ ਨੱਡਾ, ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਕਈ ਕੇਂਦਰੀ ਮੰਤਰੀਆਂ ਨੇ ਪ੍ਰੋਗਰਾਮ 'ਚ ਸ਼ਿਰਕਤ ਕੀਤੀ। ਚਿਰੰਜੀਵੀ ਅਤੇ ਪੀ.ਐਮ. ਮੋਦੀ ਨੇ ਦੀਵਾ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਜਦਕਿ ਪੂਜਾ ਤੋਂ ਬਾਅਦ ਗਾਇਕਾ ਸੁਨੀਤਾ ਨੇ ਪੇਸ਼ਕਾਰੀ ਦਿੱਤੀ ਅਤੇ ਕਈ ਸੱਭਿਆਚਾਰਕ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ।

ਪੋਂਗਲ 14 ਜਾਂ 15 ਜਨਵਰੀ ਨੂੰ ਸ਼ੁਰੂ ਹੁੰਦਾ ਹੈ ਅਤੇ ਚਾਰ ਦਿਨ ਚੱਲਦਾ ਹੈ। ਇਸ ਵਾਰ ਪੋਂਗਲ 14 ਜਨਵਰੀ ਤੋਂ 17 ਜਨਵਰੀ ਤੱਕ ਚੱਲੇਗਾ। ਇਹ ਤਿਉਹਾਰ ਤਾਮਿਲਨਾਡੂ 'ਚ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਇਸ ਨੂੰ ਦੱਖਣੀ ਭਾਰਤ ਦੇ ਖਾਸ ਤਿਉਹਾਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਨੂੰ ਉੱਤਰੀ ਭਾਰਤ 'ਚ ਮਕਰ ਸੰਕ੍ਰਾਂਤੀ, ਪੰਜਾਬ 'ਚ ਲੋਹੜੀ ਅਤੇ ਗੁਜਰਾਤ 'ਚ ਉੱਤਰਾਇਣ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਤਿਉਹਾਰ ਕਿਸਾਨਾਂ ਲਈ ਬਹੁਤ ਖਾਸ ਹੈ ਕਿਉਂਕਿ ਇਹ ਨਵੀਂ ਫਸਲ ਦੇ ਆਉਣ ਦੀ ਖੁਸ਼ੀ 'ਚ ਮਨਾਇਆ ਜਾਂਦਾ ਹੈ।

ਵਰਕ ਫਰੰਟ ਦੀ ਗੱਲ ਕਰੀਏ ਤਾਂ ਚਿਰੰਜੀਵੀ ਜਲਦੀ ਹੀ ਨਿਰਦੇਸ਼ਕ ਸ਼੍ਰੀਕਾਂਤ ਓਡੇਲਾ ਦੀ ਫਿਲਮ 'ਚ ਨਜ਼ਰ ਆਉਣਗੇ। ਉਨ੍ਹਾਂ ਦੀਆਂ ਆਉਣ ਵਾਲੀਆਂ ਫਿਲਮਾਂ ਵਿੱਚੋਂ ਇੱਕ ਹੈ ਵਿਸ਼ਵੰਭਰਾ ਜਿਸਦਾ ਦਰਸ਼ਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

# ਰਾਹੁਲ ਗਾਂਧੀ ਨੇ ਦਿੱਲੀ 'ਚ ਗੰਦਗੀ ਨੂੰ ਲੈ ਕੇ ਕੇਜਰੀਵਾਲ 'ਤੇ ਵਿੰਨ੍ਹਿਆ ਨਿਸ਼ਾਨਾ





ਨਵੀਂ ਦਿੱਲੀ- ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦਿੱਲੀ 'ਚ ਗੰਦਗੀ ਨੂੰ ਲੈ ਕੇ ਮੰਗਲਵਾਰ ਨੂੰ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਵਿੰਨ੍ਹਿਆ ਅਤੇ ਤੰਜ਼ ਕੱਸਦੇ ਹੋਏ ਕਿਹਾ ਕਿ ਇਹ 'ਕੇਜਰੀਵਾਲ ਦੀ ਪੈਰਿਸ ਵਰਗੀ ਦਿੱਲੀ' ਹੈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਮੰਗਲਵਾਰ ਨੂੰ ਮਕਰ ਸੰਕ੍ਰਾਂਤੀ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਰਿਠਾਲਾ ਪਹੁੰਚੇ ਸਨ ਅਤੇ ਉੱਥੇ ਹੀ ਪਾਰਟੀ ਦੇ ਕੁਝ ਵਰਕਰਾਂ ਨਾਲ ਸਥਾਨਕ ਨਾਲੇ ਅਤੇ ਉੱਥੇ ਮੌਜੂਦ ਗੰਦਗੀ ਨੂੰ ਦੇਖਣ ਪਹੁੰਚੇ। ਇਸ ਦੌਰਾਨ ਰਿਠਾਲਾ ਤੋਂ ਕਾਂਗਰਸ ਉਮੀਦਵਾਰ ਸੁਸ਼ਾਂਤ ਮਿਸ਼ਰਾ ਵੀ ਮੌਜੂਦ ਸਨ। ਇਸ ਨਾਲੇ ਅਤੇ ਗੰਦਗੀ ਦਾ ਵੀਡੀਓ 'ਐਕਸ' 'ਤੇ ਸਾਂਝਾ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ,''ਇਹ ਹੈ ਕੇਜਰੀਵਾਲ ਜੀ ਦੀ 'ਚਮਕਦੀ ਦਿੱਲੀ- ਪੈਰਿਸ ਵਰਗੀ ਦਿੱਲੀ।'' ਰਾਹੁਲ ਨੇ ਸੋਮਵਾਰ ਨੂੰ ਸੀਲਮਪੁਰ ਦੀ ਆਪਣੀ ਚੋਣ ਸਭਾ 'ਚ ਵੀ ਕੇਜਰੀਵਾਲ 'ਤੇ ਤਿੱਖਾ ਵਾਰ ਕੀਤਾ ਸੀ ਅਤੇ ਦੋਸ਼ ਲਗਾਇਆ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰ੍ਹਾਂ ਝੂਠੇ ਵਾਅਦੇ ਕਰਨ ਅਤੇ ਪ੍ਰਚਾਰ ਕਰਨ ਦੀ ਰਣਨੀਤੀ 'ਤੇ ਅਮਲ ਕਰਦੇ ਹਨ। ਕੇਜਰੀਵਾਲ ਨੇ ਉਨ੍ਹਾਂ 'ਤੇ ਪਲਟਵਾਰ ਕਰਦੇ ਹੋਏ ਕਿਹਾ ਸੀ ਕਿ ਰਾਹੁਲ ਗਾਂਧੀ ਕਾਂਗਰਸ ਬਚਾਉਣ ਦੀ ਲੜਾਈ ਲੜ ਰਹੇ ਹਨ ਪਰ ਉਹ (ਕੇਜਰੀਵਾਲ) ਦੇਸ਼ ਬਚਾਉਣ ਦੀ ਲੜਾਈ ਲੜ ਰਹੇ ਹਨ।


CHEAP CLEANING





Cheap Lawn Mowing
Gardening
House Cleaning

For Free quote call
0204915760


# ਇਜ਼ਰਾਈਲ ਅਤੇ ਹਮਾਸ ਗਾਜ਼ਾ ਜੰਗਬੰਦੀ ਸਮਝੌਤੇ ਦੇ ਕਰੀਬ



ਕਾਹਿਰਾ - ਕਤਰ ਦਾ ਕਹਿਣਾ ਹੈ ਕਿ ਇਜ਼ਰਾਈਲ ਅਤੇ ਹਮਾਸ ਗਾਜ਼ਾ ਵਿੱਚ ਜੰਗਬੰਦੀ ਅਤੇ ਦਰਜਨਾਂ ਬੰਧਕਾਂ ਦੀ ਰਿਹਾਈ 'ਤੇ ਸਹਿਮਤੀ ਦੇ "ਸਭ ਤੋਂ ਨੇੜੇ" ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਜਿਦ ਅਲ-ਅੰਸਾਰੀ ਨੇ ਮੰਗਲਵਾਰ ਨੂੰ ਇੱਕ ਹਫਤਾਵਾਰੀ ਪ੍ਰੈਸ ਬ੍ਰੀਫਿੰਗ ਵਿੱਚ ਕਿਹਾ ਕਿ ਚੱਲ ਰਹੀ ਗੱਲਬਾਤ ਸਕਾਰਾਤਮਕ ਅਤੇ ਲਾਭਦਾਇਕ ਸੀ, ਹਾਲਾਂਕਿ ਉਨ੍ਹਾਂ ਨੇ ਸੰਵੇਦਨਸ਼ੀਲ ਗੱਲਬਾਤ ਦੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ।

ਕਤਰ ਹਮਾਸ ਨਾਲ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਹੀਆਂ ਅਸਿੱਧੀਆਂ ਗੱਲਬਾਤਾਂ ਵਿੱਚ ਇੱਕ ਮੁੱਖ ਵਿਚੋਲਾ ਰਿਹਾ ਹੈ ਅਤੇ ਵਰਤਮਾਨ ਵਿੱਚ ਗੱਲਬਾਤ ਦੀ ਮੇਜ਼ਬਾਨੀ ਕਰ ਰਿਹਾ ਹੈ। ਮੰਗਲਵਾਰ ਨੂੰ ਗੱਲਬਾਤ ਵਿੱਚ ਸ਼ਾਮਲ ਦੋ ਅਧਿਕਾਰੀਆਂ ਨੇ ਕਿਹਾ ਕਿ ਹਮਾਸ ਨੇ ਗਾਜ਼ਾ ਪੱਟੀ ਵਿੱਚ ਜੰਗਬੰਦੀ ਅਤੇ ਦਰਜਨਾਂ ਬੰਧਕਾਂ ਦੀ ਰਿਹਾਈ ਦੀ ਮੰਗ ਕਰਨ ਵਾਲੇ ਇੱਕ ਖਰੜੇ ਦੇ ਸਮਝੌਤੇ ਨੂੰ ਸਵੀਕਾਰ ਕਰ ਲਿਆ ਹੈ। ਇੱਕ ਇਜ਼ਰਾਈਲੀ ਅਧਿਕਾਰੀ ਨੇ ਕਿਹਾ ਕਿ ਪ੍ਰਗਤੀ ਹੋਈ ਹੈ, ਪਰ ਵੇਰਵਿਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਐਸੋਸੀਏਟਿਡ ਪ੍ਰੈਸ ਨੇ ਪ੍ਰਸਤਾਵਿਤ ਸਮਝੌਤੇ ਦੀ ਇੱਕ ਕਾਪੀ ਪ੍ਰਾਪਤ ਕੀਤੀ ਅਤੇ ਮਿਸਰ ਦੇ ਇੱਕ ਅਧਿਕਾਰੀ ਅਤੇ ਹਮਾਸ ਦੇ ਇੱਕ ਅਧਿਕਾਰੀ ਨੇ ਇਸਦੀ ਪ੍ਰਮਾਣਿਕਤਾ ਦੀ ਪੁਸ਼ਟੀ ਕੀਤੀ। ਇਸ ਯੋਜਨਾ ਨੂੰ ਅੰਤਿਮ ਪ੍ਰਵਾਨਗੀ ਲਈ ਇਜ਼ਰਾਈਲੀ ਕੈਬਨਿਟ ਅੱਗੇ ਪੇਸ਼ ਕਰਨ ਦੀ ਲੋੜ ਹੋਵੇਗੀ। ਤਿੰਨਾਂ ਅਧਿਕਾਰੀਆਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਬੰਦ ਦਰਵਾਜ਼ੇ ਦੀ ਗੱਲਬਾਤ ਬਾਰੇ ਜਾਣਕਾਰੀ ਸਾਂਝੀ ਕੀਤੀ।

ਅਮਰੀਕਾ, ਮਿਸਰ ਅਤੇ ਕਤਰ ਨੇ ਪਿਛਲੇ ਸਾਲ ਦੇ 15 ਮਹੀਨਿਆਂ ਦੇ ਯੁੱਧ ਦੇ ਅੰਤ ਅਤੇ ਹਮਾਸ ਦੇ 7 ਅਕਤੂਬਰ, 2023 ਨੂੰ ਹੋਏ ਹਮਲੇ ਵਿੱਚ ਲਏ ਗਏ ਦਰਜਨਾਂ ਬੰਧਕਾਂ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਲਈ ਵਿਚੋਲਗੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਗਾਜ਼ਾ ਦੇ ਅੰਦਰ ਅਜੇ ਵੀ ਲਗਭਗ 100 ਇਜ਼ਰਾਈਲੀ ਕੈਦੀ ਹਨ ਅਤੇ ਫੌਜ ਦਾ ਮੰਨਣਾ ਹੈ ਕਿ ਉਨ੍ਹਾਂ ਵਿੱਚੋਂ ਘੱਟੋ-ਘੱਟ ਇੱਕ ਤਿਹਾਈ ਮਰ ਚੁੱਕੇ ਹਨ। ਅਧਿਕਾਰੀਆਂ ਨੇ ਉਮੀਦ ਜਤਾਈ ਹੈ ਕਿ ਉਹ 20 ਜਨਵਰੀ ਨੂੰ ਅਮਰੀਕੀ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਇੱਕ ਸਮਝੌਤੇ 'ਤੇ ਪਹੁੰਚ ਸਕਦੇ ਹਨ, ਜਿਨ੍ਹਾਂ ਦੇ ਮੱਧ-ਪੂਰਬ ਰਾਜਦੂਤ ਗੱਲਬਾਤ ਵਿੱਚ ਸ਼ਾਮਲ ਹੋਏ ਹਨ।

ਇਸ ਹਮਲੇ ਨੇ ਗਾਜ਼ਾ ਦੇ ਵੱਡੇ ਹਿੱਸੇ ਨੂੰ ਮਲਬੇ ਵਿੱਚ ਬਦਲ ਦਿੱਤਾ ਹੈ ਅਤੇ ਗਾਜ਼ਾ ਦੀ 23 ਲੱਖ ਦੀ ਆਬਾਦੀ ਦਾ ਲਗਭਗ 90 ਪ੍ਰਤੀਸ਼ਤ ਹਿੱਸਾ ਬੇਘਰ ਹੋ ਗਿਆ ਹੈ, ਲੱਖਾਂ ਹੋਰ ਲੋਕ ਤੱਟ ਦੇ ਨਾਲ ਤੰਬੂ ਕੈਂਪਾਂ ਵਿੱਚ ਫਸ ਗਏ ਹਨ, ਜਿੱਥੇ ਭੁੱਖਮਰੀ ਵਿਆਪਕ ਹੈ।

# ਉਰਵਸ਼ੀ- ਬਾਲਕ੍ਰਿਸ਼ਣ ਨੰਦਮੁਰੀ ਦਾ ਡਾਂਸ ਦੇਖ ਭੜਕੇ ਫੈਨਜ਼




ਮੁੰਬਈ- ਉਰਵਸ਼ੀ ਰੌਤੇਲਾ ਅਕਸਰ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਸੁਰਖੀਆਂ 'ਚ ਰਹਿੰਦੀ ਹੈ। ਪਹਿਲਾਂ, ਉਸ ਦੇ ਰਿਸ਼ਭ ਪੰਤ ਨੂੰ ਡੇਟ ਕਰਨ ਦੀਆਂ ਅਫਵਾਹਾਂ ਸਨ, ਹੁਣ ਉਸ ਦਾ ਨਾਮ 65 ਸਾਲਾ ਅਦਾਕਾਰ ਬਾਲਕ੍ਰਿਸ਼ਨ ਨੰਦਮੁਰੀ ਨਾਲ ਜੋੜਿਆ ਜਾ ਰਿਹਾ ਹੈ। ਉਰਵਸ਼ੀ ਅਤੇ ਬਾਲਕ੍ਰਿਸ਼ਨ ਦਾ ਡਾਂਸ ਵੀਡੀਓ ਵਾਇਰਲ ਹੋ ਰਿਹਾ ਹੈ। ਇਹ ਦੇਖ ਕੇ ਪ੍ਰਸ਼ੰਸਕ ਉਰਵਸ਼ੀ ਨੂੰ ਟ੍ਰੋਲ ਵੀ ਕਰ ਰਹੇ ਹਨ।

ਉਸ ਦਾ ਕਹਿਣਾ ਹੈ ਕਿ ਉਰਵਸ਼ੀ ਇੱਕ ਅਜਿਹੇ ਅਦਾਕਾਰ ਨੂੰ ਡੇਟ ਕਰ ਰਹੀ ਹੈ ਜੋ ਉਸ ਤੋਂ 35 ਸਾਲ ਵੱਡਾ ਹੈ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਰਿਹਾ ਹੈ।

ਉਰਵਸ਼ੀ ਰੌਤੇਲਾ ਨੇ ਪਹਿਲਾਂ ਬਾਲਕ੍ਰਿਸ਼ਨ ਨੰਦਾਮੁਰੀ ਨਾਲ ਹੱਥ ਮਿਲਾਉਂਦੇ ਹੋਏ ਇੱਕ ਵੀਡੀਓ ਪੋਸਟ ਕੀਤਾ ਸੀ, ਜਿਸ 'ਤੇ ਲੋਕਾਂ ਨੇ ਬਹੁਤ ਹੀ ਭੱਦੀਆਂ ਟਿੱਪਣੀਆਂ ਕੀਤੀਆਂ ਸਨ। ਇਸ ਵੀਡੀਓ ਵਿੱਚ ਸਾਫ਼ ਦਿਖਾਈ ਦੇ ਰਿਹਾ ਸੀ ਕਿ ਕਿਵੇਂ ਦੋਵੇਂ ਇਕੱਠੇ ਬੈਠੇ ਸਨ ਅਤੇ ਬਾਲਕ੍ਰਿਸ਼ਨ ਵਾਰ-ਵਾਰ ਉਸ ਦਾ ਹੱਥ ਫੜ ਰਹੇ ਸਨ। ਹੁਣ ਇੱਕ ਵਾਰ ਫਿਰ ਅਦਾਕਾਰਾ ਨੇ ਭੱਖ ਨਾਲ ਇੱਕ ਡਾਂਸ ਵੀਡੀਓ ਸਾਂਝਾ ਕੀਤਾ ਅਤੇ ਲਿਖਿਆ, "ਸਾਡੀ ਫਿਲਮ ਡਾਕੂ ਮਹਾਰਾਜ ਨੇ 56 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ ਅਤੇ ਬਾਕਸ ਆਫਿਸ 'ਤੇ ਤੂਫਾਨ ਲਿਆ ਦਿੱਤਾ ਹੈ। 'ਦਾਬੀਬੀ ਦਬੀਬੀ' ਗੀਤ ਦੀ ਸ਼ਾਨਦਾਰ ਸਫਲਤਾ ਦੀ ਪਾਰਟੀ। ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦੀ ਹਾਂ। ਹੁਣ ਲੋਕ ਇਸ ਵੀਡੀਓ ਨੂੰ ਦੇਖ ਕੇ ਗੁੱਸੇ 'ਚ ਆ ਗਏ ਹਨ।

ਸ਼ੇਅਰ ਕੀਤੇ ਗਏ ਵੀਡੀਓ 'ਚ ਉਰਵਸ਼ੀ ਰੌਤੇਲਾ ਸਾੜੀ 'ਚ ਅਤੇ ਭੱਖ ਨੀਲੀ ਕਮੀਜ਼ ਅਤੇ ਡੈਨਿਮ 'ਚ ਦਿਖਾਈ ਦੇ ਰਹੀ ਹੈ। ਦੋਵੇਂ 'ਦਾਬੀਬੀ ਦਬੀਬੀ' ਗੀਤ 'ਤੇ ਇੱਕ ਜੋੜੇ ਵਾਂਗ ਨੱਚ ਰਹੇ ਹਨ। ਇਸ ਵੀਡੀਓ 'ਤੇ ਟਿੱਪਣੀ ਕਰਦੇ ਹੋਏ, ਇੱਕ ਯੂਜ਼ਰ ਨੇ ਲਿਖਿਆ, "ਅੰਕਲ ਮਾਸੀ ਨੂੰ ਮਜਬੂਰ ਕਰ ਰਿਹਾ ਹੈ।" ਇੱਕ ਹੋਰ ਨੇ ਲਿਖਿਆ, "ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਦੱਖਣੀ ਫਿਲਮ ਇੰਡਸਟਰੀ ਬਾਲੀਵੁੱਡ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੈ।" ਇੱਕ ਹੋਰ ਯੂਜ਼ਰ ਨੇ ਲਿਖਿਆ, "ਉਹ ਆਪਣਾ ਸਟੇਟਸ ਘਟਾ ਦੇਵੇਗੀ।" ਤੁਹਾਨੂੰ ਦੱਸ ਦੇਈਏ ਕਿ ਉਰਵਸ਼ੀ ਰੌਤੇਲਾ ਦਾ ਵੀਡੀਓ ਸ਼ੇਅਰ ਹੁੰਦੇ ਹੀ ਵਾਇਰਲ ਹੋ ਗਿਆ। ਇਸ ਨੂੰ 6 ਮਿਲੀਅਨ ਤੋਂ ਵੱਧ ਵਿਊਜ਼ ਮਿਲ ਚੁੱਕੇ ਹਨ।

# ਸੁਖਬੀਰ ਸਿੰਘ ਬਾਦਲ ਦੀ ਧੀ ਦੇ ਵਿਆਹ 'ਚ ਅਫਸਾਨਾ ਖ਼ਾਨ ਨੇ ਲਗਾਈਆਂ ਰੌਣਕਾਂ



ਜਲੰਧਰ- ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੀ ਹਰਕੀਰਤ ਕੌਰ ਬਾਦਲ ਦਾ ਵਿਆਹ ਸਮਾਗਮ ਚੱਲ ਰਿਹਾ ਹੈ। ਇਸ ਦੌਰਾਨ ਗਾਇਕਾ ਅਫਸਾਨਾ ਖ਼ਾਨ ਨੇ ਸੰਗੀਤਕ ਪ੍ਰੋਗਰਾਮ ਪੇਸ਼ ਕੀਤਾ। ਇਸ ਦੌਰਾਨ ਸੁਖਬੀਰ ਸਿੰਘ, ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਅਫਸਾਨਾ ਖ਼ਾਨ ਦੇ ਗੀਤਾਂ ਉਪਰ ਖ਼ੂਬ ਭੰਗੜਾ ਪਾਇਆ।

ਦੱਸ ਦਈਏ ਕਿ ਗਾਇਕਾ ਅਫ਼ਸਾਨਾ ਖਾਨ ਨੇ ਆਪਣੇ ਇੰਸਟਾਗ੍ਰਾਮ ਉਤੇ ਇੱਕ ਵੀਡੀਓ ਸਾਂਝੀ ਕੀਤੀ ਹੈ। ਵੀਡੀਓ ਵਿੱਚ ਗਾਇਕਾ ਪਹਿਲਾਂ ਗੁਲਾਬੀ ਲਹਿੰਗੇ ਵਿੱਚ ਕੁਰਸੀ ਉਤੇ ਬੈਠੇ ਸੁਖਬੀਰ ਬਾਦਲ ਨੂੰ ਮਿਲਦੀ ਹੈ ਅਤੇ ਫਿਰ ਉਹ ਹਰਸਿਮਰਤ ਕੌਰ ਬਾਦਲ ਅਤੇ ਉਸਦੀਆਂ ਬੇਟੀਆਂ ਨੂੰ ਮਿਲਦੀ ਨਜ਼ਰੀ ਪੈਂਦੀ ਹੈ, ਇਸ ਤੋਂ ਬਾਅਦ ਗਾਇਕਾ ਨੇ ਬੋਲੀਆਂ ਪਾਈਆਂ, ਜਿਸ ਉਤੇ ਬਿਕਰਮ ਸਿੰਘ ਮਜੀਠੀਆ ਅਤੇ ਹਰਸਿਮਰਤ ਕੌਰ ਬਾਦਲ ਇੱਕਠੇ ਨੱਚਦੇ ਹਨ। ਵੀਡੀਓ ਦੇ ਇੱਕ ਹਿੱਸੇ ਵਿੱਚ ਸੁਖਬੀਰ ਬਾਦਲ ਵੀ ਨੱਚਦੇ ਨਜ਼ਰ ਆਉਂਦੇ ਹਨ।ਇਸ ਦੌਰਾਨ ਇਸ ਵੀਡੀਓ 'ਤੇ ਪ੍ਰਸ਼ੰਸਕ ਵੀ ਮਜ਼ਾ ਲੈ ਰਹੇ ਹਨ ਅਤੇ ਕਈ ਤਰ੍ਹਾਂ ਦੇ ਕੁਮੈਂਟ ਕਰ ਰਹੇ ਹਨ, ਇੱਕ ਨੇ ਲਿਖਿਆ, 'ਬਾਦਲ ਸਾਹਬ ਦੀ ਲੱਤ ਲੱਗਦਾ ਠੀਕ ਹੋ ਗਈ।' ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਕਈ ਤਰ੍ਹਾਂ ਦੇ ਕੁਮੈਂਟ ਕਰ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਹੁਣ ਅਫ਼ਸਾਨਾ ਖਾਨ ਨੇ ਇਹ ਵੀਡੀਓ ਆਪਣੇ ਇੰਸਟਾਗ੍ਰਾਮ ਤੋਂ ਡਿਲੀਟ ਕਰ ਦਿੱਤੀ ਹੈ।

# ਅਦਾਕਾਰਾ ਪ੍ਰਿਯੰਕਾ ਚੋਪੜਾ ਦੇ ਘਰ 'ਤੇ ਮੰਡਰਾ ਰਿਹੈ ਵੱਡਾ ਖ਼ਤਰਾ

ਕੈਲੀਫੋਰਨੀਆ ਦੇ ਲਾਸ ਏਂਜਲਸ 'ਚ ਪਿਛਲੇ 7 ਦਿਨਾਂ ਤੋਂ ਭਿਆਨਕ ਅੱਗ ਲੱਗੀ ਹੋਈ ਹੈ। ਬਾਲੀਵੁੱਡ ਦੀ ਦੇਸੀ ਗਰਲ ਪ੍ਰਿਯੰਕਾ ਚੋਪੜਾ ਦਾ ਆਲੀਸ਼ਾਨ ਘਰ ਵੀ ਲਾਸ ਏਂਜਲਸ 'ਚ ਹੈ, ਜਿਸ 'ਤੇ ਹੁਣ ਖ਼ਤਰਾ ਮੰਡਰਾ ਰਿਹਾ ਹੈ। ਇਸ ਭਿਆਨਕ ਅੱਗ 'ਚ ਕਈ ਵੱਡੇ ਸਿਤਾਰਿਆਂ ਦੇ ਘਰ ਸੜ ਕੇ ਸਵਾਹ ਹੋ ਚੁੱਕੇ ਹਨ। ਹੁਣ ਖ਼ਬਰਾਂ ਆ ਰਹੀਆਂ ਹਨ ਕਿ ਦੇਸੀ ਗਰਲ ਦਾ ਘਰ ਵੀ ਅੱਗ ਦੀ ਚਪੇਟ'ਚ ਆ ਸਕਦਾ ਹੈ।

ਦੱਸ ਦੇਈਏ ਕਿ ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਦੇ ਜੰਗਲਾਂ 'ਚ ਲੱਗੀ ਅੱਗ ਲਗਾਤਾਰ ਫੈਲਦੀ ਜਾ ਰਹੀ ਹੈ। ਮਰਨ ਵਾਲਿਆਂ ਦੀ ਗਿਣਤੀ 26 ਹੋ ਗਈ ਹੈ। 2 ਲੱਖ ਤੋਂ ਵੱਧ ਲੋਕ ਬੇਘਰ ਹੋ ਗਏ ਹਨ ਅਤੇ 36,000 ਏਕੜ ਤੋਂ ਵੱਧ ਜ਼ਮੀਨ ਅੱਗ ਦੀ ਲਪੇਟ 'ਚ ਆ ਗਈ ਹੈ। ਕਈ ਫ਼ਿਲਮੀ ਸਿਤਾਰੇ ਅਤੇ ਸਿਆਸਤਦਾਨ ਇਸ ਅੱਗ ਨਾਲ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਅਦਾਕਾਰਾ ਪ੍ਰੀਤੀ ਜ਼ਿੰਟਾ ਵੀ ਇਸ ਸਮੇਂ ਲਾਸ ਏਂਜਲਸ 'ਚ ਹੈ, ਜੋ ਕਿ ਇਸ ਅੱਗ ਦੀ ਇੱਕ ਚਸ਼ਮਦੀਦ ਗਵਾਹ ਬਣੀ ਹੈ। ਪ੍ਰੀਤੀ ਦਾ ਵਿਆਹ ਲਾਸ ਏਂਜਲਸ ਦੇ ਇਕ ਵਿੱਤੀ ਵਿਸ਼ਲੇਸ਼ਕ ਜੀਨ ਗੁਡਨਫ ਨਾਲ ਹੋਇਆ ਹੈ। ਹਾਲਾਂਕਿ ਪ੍ਰੀਤੀ ਨੇ ਆਪਣੀ ਪੋਸਟ 'ਚ ਕਿਹਾ ਕਿ ਉਹ ਆਪਣੇ ਪਰਿਵਾਰ ਨਾਲ ਸੁਰੱਖਿਅਤ ਹੈ। ਅਦਾਕਾਰਾ ਨੇ ਐਕਸ 'ਤੇ ਇਕ ਪੋਸਟ 'ਚ ਲਿਖਿਆ, ''ਮੈਂ ਕਦੇ ਨਹੀਂ ਸੋਚਿਆ ਸੀ ਕਿ ਇੱਕ ਦਿਨ ਅਜਿਹਾ ਆਵੇਗਾ ਜਦੋਂ ਅੱਗ ਸਾਡੇ ਆਂਢ-ਗੁਆਂਢ ਤੱਕ ਪਹੁੰਚ ਜਾਵੇਗੀ। ਸਾਡੇ ਦੋਸਤਾਂ ਅਤੇ ਪਰਿਵਾਰਾਂ ਨੂੰ ਆਪਣੇ ਘਰ ਛੱਡ ਕੇ ਭੱਜਣਾ ਪਵੇਗਾ। ਅਸਮਾਨ ਤੋਂ ਸੁਆਹ ਡਿੱਗ ਰਹੀ ਹੈ ਅਤੇ ਡਰ ਹੈ ਕਿ ਜੇਕਰ ਹਵਾ ਦੀ ਦਿਸ਼ਾ ਬਦਲ ਗਈ ਤਾਂ ਕੀ ਹੋਵੇਗਾ। ਪ੍ਰੀਤੀ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਕਿ ਉਹ ਅਤੇ ਉਸ ਦਾ ਪਰਿਵਾਰ ਸੁਰੱਖਿਅਤ ਹੈ। ਨਾਲ ਹੀ ਉਨ੍ਹਾਂ ਨੇ ਅੱਗ ਬੁਝਾਉਣ 'ਚ ਲੱਗੇ ਲੋਕਾਂ ਦਾ ਧੰਨਵਾਦ ਵੀ ਕੀਤਾ ਅਤੇ ਪ੍ਰਾਰਥਨਾ ਕੀਤੀ ਕਿ ਸਥਿਤੀ ਜਲਦੀ ਹੀ ਸੁਧਰ ਜਾਵੇ ਅਤੇ ਸਭ ਕੁਝ ਦੁਬਾਰਾ ਆਮ ਹੋ ਜਾਵੇ।''



# ਵਾਮਿਕਾ ਗੱਬੀ ਦਾ ਸੋਸ਼ਲ ਮੀਡੀਆ 'ਤੇ ਉੱਡਿਆ ਮਜ਼ਾਕ

ਅਦਾਕਾਰਾ ਵਾਮਿਕਾ ਗੱਬੀ ਦਾ ਨਾਂ ਉਨ੍ਹਾਂ ਹਸੀਨਾਵਾਂ 'ਚ ਸ਼ਾਮਲ ਹੈ, ਜਿਨ੍ਹਾਂ ਨੇ ਆਪਣੇ ਕਰੀਅਰ 'ਚ ਕਈ ਚੁਣੌਤੀਪੂਰਨ ਭੂਮਿਕਾਵਾਂ 'ਚ ਕੰਮ ਕੀਤਾ ਹੈ। ਅਦਾਕਾਰਾ ਨੂੰ ਅਦਾਕਾਰੀ ਤੋਂ ਇਲਾਵਾ ਖੂਬਸੂਰਤ ਅੱਖਾਂ ਲਈ ਵੀ ਕਾਫ਼ੀ ਪਿਆਰ ਮਿਲਦਾ ਹੈ। ਹਰ ਰੋਜ਼ ਉਸ ਨਾਲ ਜੁੜੀਆਂ ਰੀਲਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੀਆਂ ਰਹਿੰਦੀਆਂ ਹਨ।

ਹਾਲ ਹੀ ਵਿਚ ਇੱਕ ਸੋਸ਼ਲ ਮੀਡੀਆ ਪ੍ਰਭਾਵਕ ਨੇ ਉਸ ਬਾਰੇ ਇੱਕ ਵੀਡੀਓ ਬਣਾਈ ਸੀ, ਜਿਸ 'ਤੇ ਵਾਮਿਕਾ ਨੇ ਖੁਦ ਇੱਕ ਹਵਾਲੇ ਨਾਲ ਜਵਾਬ ਦਿੱਤਾ ਹੈ। ਦਰਅਸਲ, ਵੀਡੀਓ ਨੂੰ ਸ਼ੇਅਰ ਕਰਨ ਵਾਲੇ ਪ੍ਰਭਾਵਕ ਦਾ ਨਾਮ ਨਦੀਸ਼ ਭਾਂਬੀ ਹੈ, ਜਿਸ ਨੇ ਅਦਾਕਾਰਾ ਦੀ ਪੀ. ਆਰ. ਟੀਮ ਨੂੰ ਨਿਸ਼ਾਨਾ ਬਣਾਇਆ ਹੈ। ਉਸ ਨੇ ਵੀਡੀਓ 'ਚ ਦੱਸਿਆ ਕਿ ਜੇਕਰ ਅਦਾਕਾਰਾ ਦੀ ਪੀ. ਆਰ. ਟੀਮ ਨੇ ਉਸ ਲਈ ਕੰਮ ਕਰਨਾ ਹੁੰਦਾ ਤਾਂ ਉਹ ਕਿਵੇਂ ਕਰਦੇ।

ਨਦੀਸ਼ ਭਾਂਬੀ ਨੇ 'ਵਾਮਿਕਾ ਗੱਬੀ ਦੀ ਫ੍ਰ ਟੀਮ ਮੀਟਿੰਗ' ਸਿਰਲੇਖ ਵਾਲੀ ਇੱਕ ਰੀਲ ਸਾਂਝੀ ਕੀਤੀ, ਜਿੱਥੇ ਉਸ ਨੇ ਉਸ ਦੀ ਦਿੱਖ ਅਤੇ ਅਦਾਕਾਰੀ ਦੇ ਹੁਨਰ ਦੀ ਪ੍ਰਸ਼ੰਸਾ ਕੀਤੀ ਪਰ ਉਸ ਦੇ ਆਲੇ ਦੁਆਲੇ ਦੀਆਂ ਕਥਿਤ ਪ੍ਰਚਾਰ ਦੀਆਂ ਚਾਲਾਂ ਦੀ ਹਾਸੇ-ਮਜ਼ਾਕ ਨਾਲ ਆਲੋਚਨਾ ਕੀਤੀ।

ਵੀਡੀਓ ਨੇ ਉਸ ਨੂੰ 'ਸੁੰਦਰ ਅਤੇ ਪ੍ਰਤਿਭਾਸ਼ਾਲੀ' ਕਿਹਾ ਅਤੇ ਵਾਮਿਕਾ ਨੂੰ 'ਨਵਾਂ ਰਾਸ਼ਟਰੀ ਕ੍ਰਸ਼' ਵਜੋਂ ਪ੍ਰਸ਼ੰਸਾ ਕਰਨ ਵਾਲੇ ਪਾਤਰਾਂ ਦੀਆਂ ਅਤਿਕਥਨੀ ਵਾਲੀਆਂ ਪ੍ਰਤੀਕਿਰਿਆਵਾਂ ਅਤੇ ਤ੍ਰਿਪਤੀ ਡਿਮਰੀ ਵਰਗੀਆਂ ਹੋਰ ਅਦਾਕਾਰਾਂ ਨੂੰ ਮਜ਼ਾਕ 'ਚ ਖਾਰਜ ਕਰਨ ਬਾਰੇ ਕਾਫੀ ਕੁਝ ਕਿਹਾ। ਇੱਕ ਮੌਕੇ 'ਤੇ ਉਨ੍ਹਾਂ ਨੇ ਐਸ਼ਵਰਿਆ ਰਾਏ ਦੀ ਤੁਲਨਾ ਵਾਮਿਕਾ ਨਾਲ ਕਰਦੇ ਹੋਏ ਕਿਹਾ, 'ਜੇਕਰ ਐਸ਼ਵਰਿਆ ਦੀ ਕੋਈ ਧੀ ਹੁੰਦੀ ਤਾਂ ਉਹ ਵਾਮਿਕਾ ਵਰਗੀ ਦਿਖਾਈ ਦਿੰਦੀ।' ਵੀਡੀਓ 'ਤੇ ਪ੍ਰਤੀਕਿਰਿਆ



ਕਰਦੇ ਹੋਏ ਵਾਮਿਕਾ ਨੇ ਵਿਅੰਗ ਅਤੇ ਹਾਸੇ ਨਾਲ ਜਵਾਬ ਦਿੰਦਿਆਂ ਕਿਹਾ, ''ਪ੍ਰਤਿਭਾਸ਼ਾਲੀ ਅਤੇ ਸੁੰਦਰ ਵੀ? ਉਫ਼, ਧੰਨਵਾਦ। ਬਾਕੀ ਸਭ ਦਾ ਪਤਾ ਨਹੀਂ ਪਰ ਅਸੀਂ 'ਵਾਮਿਕਾ ਫਾਰ ਨੈਕਸਟ ਪ੍ਰੈਜ਼ੀਡੈਂਟ' ਦੀ ਕੋਸ਼ਿਸ਼ ਕੀਤੀ ਸੀ... ਬਦਕਿਸਮਤੀ ਨਾਲ ਇਹ ਸਵੀਕਾਰ ਨਹੀਂ ਕੀਤਾ ਗਿਆ ਸੀ।"

ਇਸ ਤੋਂ ਬਾਅਦ ਵੀਡੀਓ 'ਤੇ ਪ੍ਰਤੀਕਿਰਿਆ ਦੇਣ ਲਈ ਅਦਾਕਾਰਾ ਵਾਮਿਕਾ ਗੱਬੀ ਨੇ ਅਕਬਰ ਇਲਾਹਾਬਾਦੀ ਦੀ ਇੱਕ ਸ਼ਾਇਰੀ ਦਾ ਸਹਾਰਾ ਲਿਆ ਅਤੇ ਲਿਖਿਆ, ''ਹਮ ਆਹੇ ਭੀ ਭਰਤੇ ਹੈ ਤੋਹ ਹੋ ਜਾਤੇ ਹੈ ਬਦਨਾਮ, ਵੋਹ ਕਤਲ ਭੀ ਕਰਤੇ ਹੈ ਤੋਹ ਚਰਚਾ ਨਹੀਂ ਹੋਤੀ।'' ਅਦਾਕਾਰਾ ਦੇ ਇਸ ਕੁਮੈਂਟ ਤੋਂ ਬਾਅਦ ਇਹ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਵਾਮਿਕਾ ਦੀ ਟਿੱਪਣੀ ਦਾ ਜਵਾਬ ਦਿੰਦੇ ਹੋਏ, ਪ੍ਰਭਾਵਕ ਨਦੀਸ਼ ਭਾਂਬੀ ਨੇ ਵੀ ਉਸ ਦੀ ਪੀ. ਆਰ. ਟੀਮ ਨੂੰ ਸ਼ਾਂਤ ਰਹਿਣ ਦੀ ਸਲਾਹ ਦਿੱਤੀ।

ਦੱਸਣਯੋਗ ਹੈ ਕਿ ਵਾਮਿਕਾ ਗੱਬੀ ਇੱਕ ਭਾਰਤੀ ਅਦਾਕਾਰਾ ਹੈ, ਜਿਸ ਨੇ ਹਿੰਦੀ, ਪੰਜਾਬੀ, ਤਾਮਿਲ ਅਤੇ ਤੇਲਗੂ ਫ਼ਿਲਮਾਂ 'ਚ ਸ਼ਾਨਦਾਰ ਕੰਮ ਕੀਤਾ ਹੈ। ਅਦਾਕਾਰਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2013 'ਚ ਆਈ ਪੰਜਾਬੀ ਫ਼ਿਲਮ 'ਤੂੰ ਮੇਰਾ 22 ਮੈਂ ਤੇਰਾ 22' ਨਾਲ ਕੀਤੀ ਸੀ। ਇਸ ਤੋਂ ਇਲਾਵਾ ਅਦਾਕਾਰਾ ਹੋਰ ਕਈ ਪੰਜਾਬੀ ਫ਼ਿਲਮਾਂ ਲਈ ਜਾਣੀ ਜਾਂਦੀ ਹੈ।

2023 'ਚ ਵਾਮਿਕਾ ਨੇ ਸੀਰੀਜ਼ 'ਜੁਬਲੀ' 'ਚ ਨੀਲੋਫਰ ਕੁਰੈਸ਼ੀ ਦਾ ਕਿਰਦਾਰ ਨਿਭਾਇਆ ਸੀ, ਜਿਸ ਦੀ ਕਾਫ਼ੀ ਤਾਰੀਫ਼ ਹੋਈ ਸੀ। ਵਾਮਿਕਾ ਨੂੰ ਹਾਲ ਹੀ 'ਚ ਵਰੁਣ ਧਵਨ, ਕੀਰਤੀ ਸੁਰੇਸ਼ ਅਤੇ ਜੈਕੀ ਸ਼ਰਾਫ ਦੇ ਨਾਲ ਫ਼ਿਲਮ 'ਬੇਬੀ ਜੌਨ' 'ਚ ਦੇਖਿਆ ਗਿਆ ਸੀ।

# ਗਰਮ ਮਸਾਲਿਆਂ ਰਾਹੀਂ ਇਲਾਜ ਕਰਨ ਦੇ ਢੰਗ

ਕਾਲੀ ਮਿਰਚ ਨੂੰ ਸਾਰੀਆਂ ਕਿਸਮਾਂ ਦੇ ਬੈਕਟੇਰੀਆ ਤੇ ਵਿਸ਼ਾਣੂਆਂ ਨੂੰ ਨਸ਼ਟ ਕਰਨ ਵਾਲੀ ਮੰਨਿਆ ਜਾਂਦਾ ਹੈ। ਕਾਲੀ ਮਿਰਚ ਦੀ ਵਰਤੋਂ ਗੈਸ ਪੀੜਾ ਤੋਂ ਮੁਕਤ ਰੱਖਦੀ ਹੈ। ਇਹ ਪਾਚਕ ਰਸ ਅਤੇ ਲਾਰ ਵਧਾਉਂਦੀ ਹੈ। ਭੋਜਨ ਨੂੰ ਛੇਤੀ ਹਜ਼ਮ ਕਰਦੀ ਹੈ। ਇਸਦੇ ਸੇਵਨ ਨਾਲ ਭੋਜਨ ਵੱਧ ਸਵਾਦ ਬਣਦਾ ਹੈ ਅਤੇ ਕੋਈ ਨੁਕਸਾਨ ਨਹੀਂ ਹੁੰਦਾ। ਕਾਲੀ ਮਿਰਚ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦੀ ਹੈ। ਜਿਹਨਾਂ ਨੂੰ ਅਲਰਜਿਕ ਰੋਗ ਹੁੰਦੇ ਹਨ, ਉਹਨਾਂ ਨੂੰ ਕਾਲੀ ਮਿਰਚ ਦਾ ਹਰ ਰੋਜ਼ ਸੇਵਨ ਕਰਨ ਨਾਲ ਲਾਭ ਹੁੰਦਾ ਹੈ। ਇਹ ਸਰੀਰ ਵਿਚਲੇ ਜ਼ਹਿਰੀਲੇ ਤੱਤ ਬਾਹਰ ਕੱਢਕੇ ਸਰੀਰ ਦੀ ਅੰਦਰੂਨੀ ਸਫ਼ਾਈ ਕਰਦੀ ਹੈ।

• ਇਸ ਨਾਲ ਆਕਸੀਜਨ ਦਾ ਪ੍ਰਵਾਹ ਦਿਮਾਗ ਤੱਕ ਆਸਾਨੀ ਨਾਲ ਪਹੁੰਚਦਾ ਹੈ। ਇਹ ਰਕਤ ਸੰਚਾਰ ਠੀਕ ਰੱਖਦੀ ਹੈ, ਭੁੱਖ ਵਧਾਉਂਦੀ ਹੈ, ਨਾਲ ਹੀ ਸਾਹ ਕ੍ਰਿਆ ਤੇ ਜੋੜਾਂ ਦੇ ਦਰਦ ਦੇ ਲਈ ਵੀ ਲਾਭਕਾਰੀ ਹੈ। ਕਾਲੀ ਮਿਰਚ ਸਰੀਰ ਨੂੰ ਗਰਮਾਇਸ਼ ਪ੍ਰਦਾਨ ਕਰਦੀ ਹੈ। ਕਾਲੀ ਮਿਰਚ, ਕਾਲਾ ਲੂਣ, ਭੁੰਨਿਆ ਜੀਰਾ ਅਤੇ ਜ਼ਵੈਣ ਸਭ ਨੂੰ ਪੀਸਕੇ ਲੱਸੀ, ਨਿੰਬੂ ਦੀ ਸ਼ਕੰਜਵੀਂ ਵਿਚ ਪਾ ਕੇ ਪੀਣ ਨਾਲ ਪਾਚਨ ਕ੍ਰਿਆ ਠੀਕ ਰਹਿੰਦੀ ਹੈ। ਇਸ ਵਿਚ ਕੈਲਸ਼ੀਅਮ,ਆਇਰਨ,ਫਾਸਫੋਰਸ, ਕੈਰੋਟੀਨ, ਥਾਇਮਿਨ ਤੇ ਰਿਬੋਫਲੇਬਨ ਆਦਿ ਪੌਸ਼ਟਿਕ ਤੱਤ ਹੁੰਦੇ ਹਨ। ਪ੍ਰਤੀ 100 ਗ੍ਰਾਮ ਕਾਲੀ ਮਿਰਚ ਵਿਚ ਪ੍ਰੋਟੀਨ 11.5 ਪ੍ਰਤੀਸ਼ਤ, ਚਿਕਨਾਈ (ਵਸਾ) 6.8 ਪ੍ਰਤੀਸ਼ਤ, ਖਣਿਜ ਪਦਾਰਥ 4.4 ਪ੍ਰਤੀਸ਼ਤ, ਰੇਸ਼ਾ 14.9 ਪ੍ਰਤੀਸ਼ਤ, ਕਾਰਬੋਹਾਈਡਰੇਟ 49.2 ਪ੍ਰਤੀਸ਼ਤ ਅਤੇ ਨਮੀ 13.2 ਪ੍ਰਤੀਸ਼ਤ ਹੁੰਦੇ ਹਨ। ਕਾਲੀ ਮਿਰਚ ਦਾ ਸਵਾਦ ਤੇ ਸੁਗੰਧ ਨਸ਼ਟ ਨਾ ਹੋਵੇ, ਇਸਨੂੰ ਬਹੁਤੀ ਦੇਰ ਨਾ ਪਕਾਵੋ। ਸਬਜ਼ੀ ਬਣ ਜਾਣ ਬਾਦ ਤਾਜਾ ਪਿਸੀ ਹੋਈ ਕਾਲੀ ਮਿਰਚ ਪਾਵੋ। ਪ੍ਰੋਸਟਰੇਟ ਅਤੇ ਪੇਂਕਰੀਆਜ ਦੀਆਂ ਕੈਂਸਰ ਵਾਲੇ ਸੈਲਾਂ ਵਿਚ ਆਪਣੇ ਆਪ ਨਸ਼ਟ ਹੋਣ ਦੀ ਪ੍ਰਕਿਰਤੀ ਕਾਲੀ ਮਿਰਚ ਪੈਦਾ ਕਰਦੀ ਹੈ।

• ਖੋਜਾਂ ਦੇ ਅਨੁਸਾਰ ਕਾਲੀ ਮਿਰਚ ਵਿਚ ਮਿਲਣ ਵਾਲਾ ਪਾਈਪਰੀਨ ਨਾਂ ਦਾ ਰਸਾਇਣ ਬਾਇਉ-ਇਨਹਾਂਸਰ ਦੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਬਾਇਉ-ਇਨਹਾਂਸਰ ਅਜਿਹੇ ਰਸਾਇਣ ਹਨ, ਜਿਹਨਾਂ ਦੀ ਮੌਜੂਦਗੀ ਨਾਲ ਕਿਸੇ ਵੀ ਦਵਾਈ ਦਾ ਪ੍ਰਭਾਵ ਵਧ ਜਾਂਦਾ ਹੈ। ਪਰਿਣਾਮ ਇਹ ਹੁੰਦਾ ਹੈ ਕਿ ਦਵਾਈ ਨੂੰ ਘੱਟ ਮਾਤਰਾ ਵਿਚ ਲੈਣ ਨਾਲ ਵੀ ਉਹ ਜਲਦੀ ਅਤੇ ਤੇਜ ਅਸਰ ਕਰਦੀ ਹੈ। ਇਸ ਨਾਲ ਐਂਟੀ-ਬਾਇਟਿਕ ਦਵਾਈਆਂ ਦੇ ਪ੍ਰਤੀ ਲੋਕਾਂ ਦੇ ਵਧਦੇ ਵਿਰੋਧ ਤੇ ਵੀ ਰੋਕ ਲਗ ਸਕੇਗੀ। ਕਾਲੀ ਮਿਰਚ ਵਿਚ ਮੌਜੂਦ ਪਾਈਪਰੀਨ ਨੂੰ ਟੀ. ਬੀ. ਅਤੇ ਕੋਹੜ ਰੋਗਾਂ ਦੀਆਂ ਦਵਾਈਆਂ ਨਾਲ ਮਿਲਾ ਦੇਣ ਤੇ ਇਹਨਾਂ ਦਵਾਈਆਂ ਦਾ ਅਸਰ ਬੇਹੱਦ ਵਧ ਜਾਂਦਾ ਹੈ।

• ਬਰਸਾਤ ਰੁੱਤ ਦੇ ਦੁਰ ਪ੍ਰਭਾਵਾਂ ਤੋਂ ਬਚਾਉ:

ਇਕ ਪਰਿਵਾਰ ਵਿਚ ਪੰਜ ਵਿਅੱਕਤੀਆਂ ਦੇ ਲਈ ਚਟਣੀ ਦਾ ਅਨੁਪਾਤ: ਮੁਨੱਕਾ 10, ਅਦਰਕ 10 ਗ੍ਰਾਮ, ਲੌਂਗ 5, ਤੁਲਸੀ ਦੇ ਪੱਤੇ 20, ਲੂਣ ਸਵਾਦ ਅਨੁਸਾਰ, ਜੀਰਾ, ਕਾਲੀ ਮਿਰਚ ਦੀ ਚਟਣੀ ਬਣਾਕੇ ਹਰ ਤੀਜੇ ਦਿਨ ਖਾਂਦੇ ਰਹਿਣ ਨਾਲ ਬਰਸਾਤ ਰੁੱਤ ਦੇ ਬੁਰੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ।

• ਦਿਲ ਦੀ ਸ਼ਕਤੀ ਵਰਧਕ, ਸੰਨਾਯੂ ਤੰਤਰ ਦੇ ਰੋਗ, ਮੂਤਰ ਕੁੱਛ, ਮਾਹਵਾਰੀ ਨਾ ਆਉਣੀ:

ਪੇਸ਼ਾਬ ਲਿਆਉਣ ਵਾਲੀ ਹੋਣ ਕਰਕੇ ਕਾਲੀ ਮਿਰਚ ਪੇਸ਼ਾਬ ਦੀ ਮਾਤਰਾ ਵਧਾਉਂਦੀ ਹੈ ਅਤੇ ਸਰੀਰ ਅੰਦਰਲੇ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਦੀ ਹੈ। ਕਾਲੀ ਮਿਰਚ ਸ਼ਕਤੀ ਵਰਧਕ ਹੈ। ਪੀਸੀ ਹੋਈ ਕਾਲੀ ਮਿਰਚ ਚੁਟਕੀ ਭਰ ਹਰ ਰੋਜ਼ ਸਬਜ਼ੀ ਜਾਂ ਕਿਸੇ ਵੀ ਖਾਣ ਵਾਲੇ ਪਦਾਰਥ ਵਿਚ ਪਾ ਕੇ ਹਰ ਰੋਜ਼ ਖਾਵੋ। ਇਹ ਪ੍ਰਯੋਗ ਸਰੀਰ ਵਿਚ ਅਜਿਹੀ ਕਿਰਿਆ ਕਰੇਗਾ ਜਿਸ ਦਾ ਉਪਰ ਦੱਸੇ ਰੋਗਾਂ ਵਿਚ ਲਾਭ ਪਹੁੰਚੇਗਾ।

• ਮਸੂੜਿਆਂ ਦਾ ਢਿੱਲਾਪਣ:

ਮਸੂੜੇ ਪਿਲਪਿਲੇ ਅਤੇ ਕਮਜ਼ੋਰ ਹੋ ਜਾਣ ਤਾਂ ਕਾਲੀ ਮਿਰਚ, ਮਾਜੂਫਲ, ਸੇਂਧਾ ਲੂਣ- ਤਿੰਨੇ ਬਰਾਬਰ ਮਾਤਰਾ ਵਿਚ ਲੈ ਕੇ ਬਹੁਤ ਬਾਰੀਕ ਪੀਸਕੇ ਚੂਰਣ ਬਣਾ ਲਵੋ। ਹਥੇਲੀ ਉਪਰ ਥੋੜ੍ਹਾ ਜਿਹਾ ਚੂਰਣ ਰੱਖਕੇ ਤਿੰਨ ਬੂੰਦਾਂ ਸਰ੍ਹੋਂ ਦਾ ਤੇਲ ਮਿਲਾ ਕੇ ਇਸਨੂੰ ਮਸੂੜਿਆਂ ਅਤੇ ਦੰਦਾਂ ਉਪਰ ਚੰਗੀ ਤਰ੍ਹਾਂ ਲਾ ਕੇ ਲਾਰ ਥੁੱਕਦੇ ਰਹੋ। ਅੱਧੇ ਘੰਟੇ ਬਾਦ ਕੁਰਲੀ ਕਰਕੇ ਮੂੰਹ ਸਾਫ਼ ਕਰ ਲਵੋ।

• ਕੁੱਤੇ ਦੇ ਵੱਢਣ ਤੇ ਫਸਟ ਏਡ ਦੇ ਤੌਰ ਤੇ ਕਾਲੀ ਮਿਰਚ ਪੀਸਕੇ ਜ਼ਖਮ ਉਪਰ ਭੁੱਕ ਦੇਵੋ ਅਤੇ ਫੇਰ ਡਾਕਟਰ ਨੂੰ ਵੀ ਵਿਖਾਵੋ। ਅਜਿਹਾ ਕਰਨ ਨਾਲ ਜ਼ਹਿਰ ਦਾ ਅਸਰ ਘੱਟ ਹੋ ਜਾਵੇਗਾ। ਚਾਹ ਵਿਚ ਕਾਲੀ ਮਿਰਚ, ਲੌਂਗ, ਦਾਲ ਚੀਨੀ, ਸੁੰਢ, ਛੋਟੀ ਇਲਾਇਚੀ ਸਵਾਦ ਅਨੁਸਾਰ ਪਾ ਕੇ ਪੀਣ ਨਾਲ ਚੁਸਤੀ ਆਉਂਦੀ ਹੈ। ਆਲਸ ਅਤੇ ਸੁਸਤੀ ਖਤਮ ਹੋ ਜਾਂਦੀ ਹੈ। ਥਕਾਵਟ ਹੋਣ, ਮਾਨਸਿਕ ਸੰਤਾਪ, ਦੁੱਖ ਹੋਣ ਤੇ ਇਹ ਚਾਹ ਪੀਵੋ। ਰਾਹਤ ਮਿਲੇਗੀ। ਕਾਲੀ ਮਿਰਚ ਦਾ ਪਾਊਡਰ, ਘਿਉ, ਸ਼ੱਕਰ ਮਿਲਾਕੇ ਚੌਥਾਈ ਚਮਚਾ ਸੁਬਾਹ ਸ਼ਾਮ ਨੂੰ ਲੈਣ ਨਾਲ ਸਰੀਰ ਤਕੜਾ ਰਹਿੰਦਾ ਹੈ।

• ਯਾਦਦਾਸ਼ਤ ਵਰਧਕ :

1. 30 ਗ੍ਰਾਮ ਮੱਖਣ ਜਾਂ ਇਕ ਚਮਚਾ ਘਿਉ ਵਿਚ ਅੱਠ ਕਾਲੀਆਂ ਮਿਰਚਾਂ ਅਤੇ ਸ਼ੱਕਰ ਮਿਲਾਕੇ ਰੋਜ਼ਾਨਾ ਚੱਟਣ ਨਾਲ ਯਾਦਦਾਸ਼ਤ ਵਧਦੀ ਹੈ। ਦਿਮਾਗ ਵਿਚ ਤਰਾਵਟ ਆਉਂਦੀ ਹੈ। ਕਮਜ਼ੋਰੀ ਦੂਰ ਹੁੰਦੀ ਹੈ।

2. 15 ਕਾਲੀਆਂ ਮਿਰਚਾਂ, 2 ਬਦਾਮ ਗਿਰੀ, 5 ਮੁਨੱਕਾ, 2 ਛੋਟੀ ਇਲਾਇਚੀ, ਇਕ ਗੁਲਾਬ ਦਾ ਫੁੱਲ, ਅੱਧਾ ਚਮਚਾ ਖਸਖਸ, ਰਾਤ ਨੂੰ ਇਕ ਗੜਵੀ ਪਾਣੀ ਵਿਚ ਭਿਉਂਕੇ ਰੱਖੋ। ਸੁਬਾਹ ਸੱਭ ਨੂੰ ਰਗੜਕੇ, ਘੋਟਕੇ 250 ਗ੍ਰਾਮ ਗਰਮ ਦੁੱਧ ਵਿਚ ਮਿਲਾਕੇ ਹਰ ਰੋਜ਼ ਕੁੱਝ ਮਹੀਨੇ ਪੀਵੋ। ਇਸ ਨਾਲ ਦਿਮਾਗ ਨੂੰ ਤਰਾਵਟ ਮਿਲੇਗੀ, ਥਕਾਵਟ ਦੂਰ ਹੋਵੇਗੀ, ਤਾਕਤ ਵਧੇਗੀ।

3. ਕਾਲੀਆਂ ਮਿਰਚਾਂ 20 ਗ੍ਰਾਮ, ਬਾਦਾਮ ਗਿਰੀ 50 ਗ੍ਰਾਮ, ਤੁਲਸੀ ਦੇ ਸੁੱਕੇ ਪੱਤੇ 20 ਗ੍ਰਾਮ, ਸਭ ਨੂੰ ਪੀਸਕੇ ਚੂਰਣ ਬਣਾ ਲਵੋ। ਇਸਦਾ ਇਕ ਚਮਚਾ ਦੋ ਚਮਚੇ ਸ਼ਹਿਦ ਵਿਚ ਮਿਲਾਕੇ ਹਰ ਰੋਜ਼ ਚੱਟੋ।

4. ਚਾਰ ਬਦਾਮ ਗਿਰੀ, ਸੱਤ ਕਾਲੀਆਂ ਮਿਰਚਾਂ, ਅੱਧਾ ਚਮਚਾ ਦੇਸੀ (ਵੱਡੀ) ਸੌਂਫ, ਅਤੇ ਦੋ ਇਲਾਇਚੀਆਂ ਰਾਤ ਨੂੰ ਪਾਣੀ ਵਿਚ ਭਿਉਂ ਦੇਵੋ। ਸੁਬਾਹ ਇਹਨਾਂ ਨੂੰ ਰਗੜ ਲਵੋ। ਬਾਟੀ ਵਿਚ ਪਾਕੇ ਇਸ ਵਿਚ ਇਕ ਪਾਈਆ (250 ਗ੍ਰਾਮ) ਪਾਣੀ ਮਿਲਾ ਦੇਵੋ ਅਤੇ ਪੁਣ ਲਵੋ। ਇਸ ਵਿਚ ਦੋ ਚਮਚੇ ਸ਼ਹਿਦ ਮਿਲਾਵੋ ਅਤੇ ਘੁੱਟਾ ਬਾਟੀ ਪੀ ਲਵੋ। ਤੁਸੀਂ ਵੇਖੋਗੇ ਕਿ ਕੁੱਝ ਹੀ ਦਿਨ ਇਸਦਾ ਸੇਵਨ ਕਰਨ ਨਾਲ ਯਾਦ ਸ਼ਕਤੀ ਵਿਚ ਸਤ ਪ੍ਰਤੀਸ਼ਤ ਵਾਧਾ ਹੋ ਰਿਹਾ ਹੈ।




5. ਸੁਬਾਹ ਪੰਜ ਕਾਲੀਆਂ ਮਿਰਚਾਂ ਪਾਨ ਵਿਚ ਰੱਖ ਕੇ ਚੱਬਣ ਨਾਲ ਅਤੇ ਹੌਲੀ ਹੌਲੀ ਰਸ ਚੂਸਣ ਨਾਲ ਯਾਦਦਾਸ਼ਤ ਵਿਚ ਹੇਠਲਾ ਲਾਭ ਹੁੰਦਾ ਹੈ - ਕਮਜ਼ੋਰ ਦਿਮਾਗ ਵਾਲਿਆਂ ਨੂੰ ਬਲ ਮਿਲਦਾ ਹੈ, ਲੰਬੇ ਸਮੇਂ ਤੱਕ ਦਿਮਾਗੀ ਕੰਮ ਕਰਨ ਨਾਲ ਥਕਾਵਟ ਨਹੀਂ ਹੁੰਦੀ, ਭੁੱਖ ਚੰਗੀ ਲਗਦੀ ਹੈ, ਜੇਕਰ ਇਹ ਚੂਸ ਲੈਣ ਬਾਦ ਇਕ ਕੱਪ ਦੁੱਧ ਵਿਚ ਇਕ ਚਮਚਾ ਘਿਉ ਮਿਲਾਕੇ ਪੀਤਾ ਜਾਵੇ ਤਾਂ ਵੀਰਜ ਸ਼ੁੱਧ ਹੋ ਕੇ ਉਸ ਵਿਚ ਸ਼ੁਕਰਾਣੂਆਂ ਦੀ ਸੰਖਿਆ ਵਧਦੀ ਹੈ। ਇਹ ਪ੍ਰਯੋਗ ਚਾਲੀ ਦਿਨਾਂ ਤੱਕ ਕਰੋ। ਜਿੰਨੀ ਵਧ ਇਸਦੀ ਵਰਤੋਂ ਕੀਤੀ ਜਾਵੇਗੀ, ਉਨਾ ਹੀ ਵੱਧ ਲਾਭ ਹੋਵੇਗਾ।

6. ਯਾਦਦਾਸ਼ਤ ਗੁੰਮ ਹੋ ਜਾਣ ਤੇ ਚੁਟਕੀ ਭਰ ਪੀਸੀ ਕਾਲੀ ਮਿਰਚ ਇਕ ਚਮਚਾ ਸ਼ਹਿਦ ਵਿਚ ਮਿਲਾਕੇ ਹਰ ਰੋਜ਼ ਦਿਨ ਵਿਚ ਦੋ ਵਾਰੀ ਚੱਟਣ ਨਾਲ ਲਾਭ ਹੁੰਦਾ ਹੈ। ਬੁੱਧੀ ਦਾ ਵਿਕਾਸ ਹੁੰਦਾ ਹੈ।

• ਬਾਰੀਕ ਪੀਸੀ ਹੋਈ ਕਾਲੀ ਮਿਰਚ ਅਤੇ ਲੂਣ ਮਿਲਾਕੇ ਮਸੂੜਿਆਂ ਤੇ ਮਲਣ ਨਾਲ ਪਿਉਰੀਆ ਠੀਕ ਹੁੰਦਾ ਹੈ। ਬਦਬੂ, ਖੂਨ ਤੇ ਪੀਕ ਬੰਦ ਹੋ ਜਾਂਦੇ ਹਨ।

• ਪੰਜ ਕਾਲੀਆਂ ਮਿਰਚਾਂ, ਪੰਜ ਬਦਾਮ, ਪੰਜ ਮੁਨੱਕਾ ਹਰ ਰੋਜ਼ ਸੁਬਾਹ ਚੱਬਕੇ ਇਕ ਮਹੀਨਾ ਖਾਣ ਨਾਲ ਯੌਨ ਸ਼ਕਤੀ ਵਧਦੀ ਹੈ। ਦਸ ਸਾਬਤ ਕਾਲੀਆਂ ਮਿਰਚਾਂ, ਇਕ ਗਿਲਾਸ ਦੁੱਧ ਉਬਾਲਕੇ, ਕਾਲੀਆਂ ਮਿਰਚਾਂ ਖਾਂਦੇ ਹੋਏ ਦੁੱਧ ਪੀਵੋ।

• 12 ਕਾਲੀਆਂ ਮਿਰਚਾਂ ਕੁੱਟਕੇ ਘਿਉ ਵਿਚ ਤਲ ਲਵੋ। ਘਿਉ ਨਿਤਾਰਕੇ ਇਸ ਵਿਚ ਕਣਕ ਦਾ ਆਟਾ ਭੁੰਨਕੇ ਗੁੜ ਜਾਂ ਸ਼ੱਕਰ ਮਿਲਾਕੇ ਹਲਵਾ ਬਣਾ ਕੇ ਉਸ ਵਿਚ ਤਲੀਆਂ ਹੋਈਆਂ ਕਾਲੀਆਂ ਮਿਰਚਾਂ ਮਿਲਾਕੇ ਸੁਬਾਹ ਸ਼ਾਮ ਭੋਜਨ ਕਰਨ ਤੋਂ ਪਹਿਲਾਂ ਖਾਵੋ। ਸਿਰ ਚਕਰਾਉਣਾ ਬੰਦ ਹੋ ਜਾਵੇਗਾ।

• ਚੌਥਾਈ ਚਮਚਾ ਪੀਸੀ ਹੋਈ ਕਾਲੀ ਮਿਰਚ, ਅੱਧਾ ਚਮਚਾ ਘਿਉ ਜਾਂ ਮੱਖਣ ਵਿਚ ਮਿਲਾਕੇ ਚੱਟੋ। ਜਿਹਨਾਂ ਨੂੰ ਇਹ ਕੌੜੀ ਲੱਗੇ ਉਹ ਇਸ ਵਿਚ ਮਿਸਰੀ ਮਿਲਾਕੇ ਚੱਟਣ। ਇਸ ਨਾਲ ਕਮਜ਼ੋਰੀ ਦੂਰ ਹੋਵੇਗੀ। ਨਿਗਾਹ ਤੇਜ ਹੋਵੇਗੀ। ਇਸ ਨੁਸਖੇ ਦੇ ਨਾਲ ਕਾਲੀ ਮਿਰਚ ਪਾਣੀ ਵਿਚ ਪਾ ਕੇ ਚਟਣੀ ਦੀ ਤਰ੍ਹਾਂ ਪੀਸਕੇ ਫੋੜੇ, ਫੁੰਨਸੀ, ਦੱਦ, ਖੁਜਲੀ ਤੇ ਲਾਉਣ ਨਾਲ ਆਰਾਮ ਆ ਜਾਂਦਾ ਹੈ।

• ਪੰਜ ਗ੍ਰਾਮ ਕਾਲੀਆਂ ਮਿਰਚਾਂ ਪੀਸਕੇ ਅੱਧਾ ਚਮਚਾ ਗੋਕਾ (ਗਊ ਦਾ) ਘਿਉ ਮਿਲਾਕੇ ਖਾਂਦੇ ਰਹਿਣ ਨਾਲ ਹਰ ਕਿਸਮ ਦੀ ਖੁਜਲੀ, ਦੱਦ ਅਤੇ ਜ਼ਹਿਰ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ। ਫੁੰਨਸੀ ਹੁੰਦੇ ਹੀ ਉਸ ਤੇ ਕਾਲੀ ਮਿਰਚ ਪਾਣੀ ਵਿਚ ਪੀਸਕੇ ਲਾਉਣ ਨਾਲ ਫੁੰਨਸੀ ਬੈਠ ਜਾਂਦੀ ਹੈ। ਗੁਹਾਰਨੀ, ਵਾਲ ਤੋੜ, ਫੋੜੇ ਵੀ ਠੀਕ ਹੋ ਜਾਂਦੇ ਹਨ।

• ਕਾਲੀ ਮਿਰਚ ਦਾ ਸੇਵਨ ਕਰਦੇ ਰਹਿਣ ਨਾਲ ਚਮੜੀ ਦਾ ਗਲਨਾ ਸੜਨਾ ਰੁਕ ਜਾਂਦਾ ਹੈ। ਇਹ ਕੋਹੜ ਦੇ ਰੋਗ ਵਿਚ ਲਾਭਕਾਰੀ ਹੁੰਦਾ ਹੈ।

• ਕਾਲੀਆਂ ਮਿਰਚਾਂ ਗਰਮ ਪਾਣੀ ਵਿਚ ਪਾਕੇ ਬਹੁਤ ਬਰੀਕ ਪੀਸ ਲਵੋ। ਛੋਟੀਆਂ ਛੋਟੀਆਂ ਫੁੰਨਸੀਆਂ ਵਿਚ ਜਦੋਂ ਤੱਕ ਗੰਢਾਂ ਬਣੀਆਂ ਰਹਿਣ ਹਰ ਰੋਜ਼ ਦੋ ਵਾਰੀ ਲੇਪ ਕਰਨ ਨਾਲ ਆਰਾਮ ਆ ਜਾਂਦਾ ਹੈ।

• ਕਾਲੀ ਮਿਰਚ ਅਤੇ ਫਟਕੜੀ ਬਰਾਬਰ ਮਾਤਰਾ ਵਿਚ ਪੀਸਕੇ ਮਿਲਾ ਲਵੋ। ਥੋੜਾ ਜਿਹਾ ਪਾਊਡਰ ਮਿਲਾਕੇ ਪਾਣੀ ਪਾਕੇ ਪੇਸਟ ਬਣਾਕੇ ਡੱਕੇ ਤੇ ਰੂੰ ਲਪੇਟਕੇ, ਪੇਸਟ ਨੂੰ ਦਿਨ ਵਿਚ ਤਿੰਨ ਵਾਰੀ ਮੌਹਕਿਆਂ ਤੇ ਲਾਉਣ ਨਾਲ ਰਾਹਤ ਮਿਲਦੀ ਹੈ। ਫੋੜਾ, ਫੁੰਨਸੀ, ਦੱਦ, ਖਜਲੀ ਆਦਿ ਤੇ ਕਾਲੀ ਮਿਰਚ ਪੀਸਕ ਘਿਉ ਵਿਚ ਮਿਲਾਕੇ ਲੇਪ ਕਰਨ ਨਾਲ ਲਾਭ ਹੁੰਦਾ ਹੈ।

• ਹਿਚਕੀ :

1. ਹਰੇ ਪਦੀਨੇ ਦੇ 30 ਪੱਤੇ, 2-2 ਚਮਚੇ ਸੌਂਫ ਤੇ ਮਿਸਰੀ, ਪੰਜ ਕਾਲੀਆਂ ਮਿਰਚਾਂ ਸਭ ਪਾਣੀ ਵਿਚ ਮਿਲਾਕੇ ਪੀਸਕੇ ਇਕ ਕੱਪ ਗਰਮ ਪਾਣੀ ਵਿਚ ਘੋਲਕੇ, ਪੁਣਕੇ ਪੀਣ ਨਾਲ ਹਿਚਕੀ ਬੰਦ ਹੋ ਜਾਂਦੀ ਹੈ।

2. ਕਾਲੀਆਂ ਮਿਰਚਾਂ 5 ਜਲਾਕੇ, ਪੀਸਕੇ ਵਾਰ ਵਾਰ ਸੁੰਘਣ ਨਾਲ ਹਿਚਕੀ ਬੰਦ ਹੋ ਜਾਂਦੀ ਹੈ।

3. ਇਕ ਕਾਲੀ ਮਿਰਚ ਸੂਈ ਤੇ ਟੰਗ ਕੇ ਜਲਾ ਲਵੋ, ਇਸਦਾ ਧੂੰਆਂ ਸੰਘਾਵੋ। ਇਸ ਨਾਲ ਹਿਚਕੀ ਬੰਦ ਹੋ ਜਾਂਦੀ ਹੈ ਅਤੇ ਗੈਸ ਕਾਰਨ ਹੁੰਦਾ ਸਿਰ ਦਰਦ ਵੀ ਖਤਮ ਹੋ ਜਾਂਦਾ ਹੈ।

ਅੱਧੇ ਸਿਰ ਦਾ ਦਰਦ ਜੋ ਸੂਰਜ ਚੜ੍ਹਨ ਦੇ ਨਾਲ ਹੁੰਦਾ ਹੈ, ਵਿਚ ਕਾਲੀਆਂ ਮਿਰਚਾਂ ਦਸ ਅਤੇ ਦੋ ਚਮਚੇ ਮਿਸਰੀ ਕੁੱਟਕੇ ਸੁਬਾਹ ਸੂਰਜ ਚੜ੍ਹਨ ਤੋਂ ਫੱਕੀ ਲੈ ਲਵੋ। ਅੱਧੇ ਸਿਰ ਦਰਦ ਤੋਂ ਰਾਹਤ ਮਿਲੇਗੀ। ਵੀਹ ਕਾਲੀਆਂ ਮਿਰਚਾਂ ਪੀਸਕੇ ਘਿਉ ਵਿਚ ਭੁੰਨ ਲਵੋ। ਭੁੱਜ ਜਾਣ ਬਾਦ ਇਸ ਵਿਚ ਦੋ ਚਮਚੇ ਕਣਕ ਦਾ ਆਟਾ ਮਿਲਾਕੇ ਇਸਨੂੰ ਵੀ ਭੁੰਨ ਲਵੋ। ਠੰਡਾ ਕਰਕੇ ਇਸਨੂੰ ਖਾਵੋ। ਦੋ ਹਫ਼ਤੇ ਹਰ ਰੋਜ਼ ਖਾਂਦੇ ਰਹਿਣ ਨਾਲ ਪੁਰਾਣਾ ਸਿਰ ਦਰਦ ਠੀਕ ਹੋ ਜਾਵੇਗਾ।

ਪੰਜ ਕਾਲੀਆ ਮਿਰਚਾਂ ਅਤੇ 10 ਸੌਗੀ/ਦਾਖਾਂ ਮਿਲਾਕੇ ਚੱਬਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ।

ਖਾਂਸੀ ਅਤੇ ਸਵਰਭੰਗ ਭਾਵ ਆਵਾਜ ਬੈਠਣਾ :

ਗਲਾ ਬੈਠਣ ਵਿਚ ਇਸਦਾ ਸੇਵਨ ਗੁਣਕਾਰੀ ਹੁੰਦਾ ਹੈ। ਇਸ ਨਾਲ ਮੂੰਹ ਦੇ ਛਾਲੇ ਵੀ ਠੀਕ ਹੋ ਜਾਂਦੇ ਹਨ।

1. ਦਸ ਕਾਲੀਆਂ ਮਿਰਚਾਂ ਚੱਬਕੇ ਗਰਮ ਪਾਣੀ ਪੀ ਲਵੋ। ਇਸ ਤਰ੍ਹਾਂ ਰੋਜਾਨਾ ਤਿੰਨ ਵਾਰੀ ਕਰੋ। ਇਸ ਨਾਲ ਸਰਦੀ ਕਾਰਨ ਸਵਰਭੰਗ ਠੀਕ ਹੋ ਜਾਂਦੀ ਹੈ।

2. ਚੁਟਕੀ ਭਰ ਪੀਸੀ ਹੋਈ ਕਾਲੀ ਮਿਰਚ ਅੱਧਾ ਚਮਚਾ ਘਿਉ ਵਿਚ ਮਿਲਾਕੇ ਖਾਣਾ ਖਾਣ ਦੇ ਬਾਦ ਚੱਟੋ। ਇਸ ਨਾਲ ਸੁੱਕੀ ਖਾਂਸੀ ਵੀ ਠੀਕ ਹੋ ਜਾਵੇਗੀ।

3. ਚੌਥਾਈ ਚਮਚਾ ਪੀਸੀ ਹੋਈ ਕਾਲੀ ਮਿਰਚ, ਦੋ ਚਮਚੇ ਸ਼ਹਿਦ ਵਿਚ ਮਿਲਾਕੇ ਹਰ ਰੋਜ਼ ਤਿੰਨ ਵਾਰੀ ਚੱਟਣ ਨਾਲ ਖਾਂਸੀ ਠੀਕ ਹੋ ਜਾਂਦੀ ਹੈ। ਸਿਰਫ਼ ਦੋ ਕਾਲੀਆਂ ਮਿਰਚਾਂ ਚੂਸਦੇ ਰਹਿਣ ਨਾਲ ਵੀ ਖਾਂਸੀ ਠੀਕ ਹੋ ਜਾਂਦੀ ਹੈ।

• ਕੱਫ, ਬਲਗਮ: ਪੰਜ ਕਾਲੀਆਂ ਮਿਰਚਾਂ, ਦਸ ਤੁਲਸੀ ਦੇ ਪੱਤੇ ਪੀਸਕੇ ਸ਼ਹਿਦ ਵਿਚ ਮਿਲਾਕੇ ਤਿੰਨ ਵਾਰੀ ਚੱਟੋ। ਆਰਾਮ ਆ ਜਾਵੇਗਾ।

• ਮੁੰਹਾਸੇ : 20 ਕਾਲੀਆਂ ਮਿਰਚਾਂ, ਗੁਲਾਬ ਜਲ ਵਿਚ ਪੀਸਕੇ ਰਾਤ ਨੂੰ ਚਿਹਰੇ ਤੇ ਲਾਵੋ। ਸੁਬਾਹ ਗਰਮ ਪਾਣੀ ਨਾਲ ਧੋ ਲਵੋ। ਇਸ ਨਾਲ ਕਿੱਲ, ਮੁੰਹਾਸੇ, ਝੁਰੜੀਆਂ ਸਾਫ਼ ਹੋ ਕੇ ਚਿਹਰਾ ਚਮਕਣ ਲੱਗ ਜਾਵੇਗਾ।

• ਗੈਸ ਬਣਨਾ : ਕਾਲੀ ਮਿਰਚ ਸਵਾਦ - ਤੰਤੂਆਂ ਨੂੰ ਉਤੇਜਤ ਕਰਕੇ ਪਾਚਨ ਸ਼ਕਤੀ ਨੂੰ ਵਧਾਉਂਦੀ ਹੈ। ਅੰਤੜੀਆਂ ਵਿਚ ਬਣਨ ਵਾਲੀ ਗੈਸ ਨੂੰ ਬਣਨ ਤੋਂ ਰੋਕਦੀ ਹੈ। ਦਸ ਪੀਸੀਆਂ ਹੋਈਆਂ ਕਾਲੀਆਂ ਮਿਰਚਾਂ ਫੱਕ ਕੇ ਉਪਰ ਦੀ ਗਰਮ ਪਾਣੀ ਵਿਚ ਨਿੰਬੂ ਨਿਚੋੜਕੇ ਸੁਬਾਹ ਸ਼ਾਮ ਪੀਂਦੇ ਰਹਿਣ ਨਾਲ ਗੈਸ ਬਣਨੀ ਬੰਦ ਹੋ ਜਾਂਦੀ ਹੈ। ਗੁੜ, ਕਾਲੀ ਮਿਰਚ ਪੀਸ ਮਿਲਾਕੇ ਥੋੜਾ ਥੋੜਾ ਹਰ ਰੋਜ਼ ਤਿੰਨ ਵਾਰੀ ਖਾਵੋ ਅਤੇ ਗਰਮ ਪਾਣੀ ਪੀਉ।

# ਬੁਮਰਾਹ ਦਸੰਬਰ ਮਹੀਨੇ ਦਾ ਆਈਸੀਸੀ ਦਾ ਸਰਵੋਤਮ ਖਿਡਾਰੀ ਬਣਿਆ



ਦੁਬਈ- ਆਸਟ੍ਰੇਲੀਆ ਦੌਰੇ ‘ਤੇ ਬਾਰਡਰ-ਗਾਵਸਕਰ ਲੜੀ ਵਿੱਚ ਸ਼ਾਨਦਾਰ ਗੇਂਦਬਾਜ਼ੀ ਕਰਨ ਵਾਲੇ ਭਾਰਤੀ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੂੰ ਆਈਸੀਸੀ ਦਾ ਦਸੰਬਰ ਮਹੀਨੇ ਦਾ ਸਰਵੋਤਮ ਪੁਰਸ਼ ਖਿਡਾਰੀ ਚੁਣਿਆ ਗਿਆ ਹੈ। ਬੁਮਰਾਹ ਨੇ ਆਸਟ੍ਰੇਲੀਆ ਦੇ ਕਪਤਾਨ ਪੈਟ ਕਮਿੰਸ ਅਤੇ ਦੱਖਣੀ ਅਫਰੀਕਾ ਦੇ ਡੈਨ ਪੈਟਰਸਨ ਨੂੰ ਪਛਾੜ ਕੇ ਇਹ ਖਿਤਾਬ ਜਿੱਤਿਆ।

ਬੁਮਰਾਹ ਨੇ ਇਕੱਲੇ ਹੀ ਭਾਰਤੀ ਗੇਂਦਬਾਜ਼ੀ ਹਮਲੇ ਦੀ ਅਗਵਾਈ ਕੀਤੀ, ਦਸੰਬਰ ਵਿੱਚ ਆਸਟ੍ਰੇਲੀਆ ਦੌਰੇ ਦੌਰਾਨ ਖੇਡੇ ਗਏ ਤਿੰਨ ਟੈਸਟ ਮੈਚਾਂ ਵਿੱਚ 14.22 ਦੀ ਪ੍ਰਭਾਵਸ਼ਾਲੀ ਔਸਤ ਨਾਲ 22 ਵਿਕਟਾਂ ਲਈਆਂ। ਉਸਨੇ 5 ਜਨਵਰੀ ਨੂੰ ਖਤਮ ਹੋਈ ਲੜੀ ਦੇ ਪੰਜ ਮੈਚਾਂ ਵਿੱਚ 32 ਵਿਕਟਾਂ ਲਈਆਂ। ਇਸ ਦੌਰੇ ਦਾ ਪਹਿਲਾ ਟੈਸਟ ਮੈਚ ਨਵੰਬਰ ਵਿੱਚ ਖੇਡਿਆ ਗਿਆ ਸੀ। ਬੁਮਰਾਹ ਨੇ ਐਡੀਲੇਡ ਵਿੱਚ ਖੇਡੇ ਗਏ ਡੇ-ਨਾਈਟ ਟੈਸਟ ਦੀ ਪਹਿਲੀ ਪਾਰੀ ਵਿੱਚ ਚਾਰ ਵਿਕਟਾਂ ਲੈ ਕੇ ਭਾਰਤ ਨੂੰ ਮੈਚ ਵਿੱਚ ਵਾਪਸੀ ਕਰਨ ਵਿੱਚ ਮਦਦ ਕੀਤੀ ਸੀ, ਪਰ ਬੱਲੇਬਾਜ਼ਾਂ ਦੇ ਮਾੜੇ ਪ੍ਰਦਰਸ਼ਨ ਕਾਰਨ ਟੀਮ ਮੈਚ ਹਾਰ ਗਈ।

ਉਸਨੇ ਬ੍ਰਿਸਬੇਨ ਵਿੱਚ ਖੇਡੇ ਗਏ ਤੀਜੇ ਟੈਸਟ ਦੇ ਮੈਚ ਵਿੱਚ ਪਹਿਲੀ ਪਾਰੀ ਵਿੱਚ ਛੇ ਅਤੇ ਮੈਚ ਵਿੱਚ ਨੌਂ ਵਿਕਟਾਂ ਲਈਆਂ, ਜਿਸ ਨਾਲ ਭਾਰਤ ਨੂੰ ਮੈਚ ਡਰਾਅ ਕਰਵਾਉਣ ਵਿੱਚ ਮਦਦ ਮਿਲੀ। ਇਸ ਤੋਂ ਬਾਅਦ ਉਸਨੇ ਮੈਲਬੌਰਨ ਵਿੱਚ ਖੇਡੇ ਗਏ ਬਾਕਸਿੰਗ ਡੇ ਟੈਸਟ ਮੈਚ ਦੀ ਪਹਿਲੀ ਪਾਰੀ ਵਿੱਚ ਚਾਰ ਅਤੇ ਦੂਜੀ ਪਾਰੀ ਵਿੱਚ ਪੰਜ ਵਿਕਟਾਂ ਲਈਆਂ। ਉਸਦੇ ਸ਼ਾਨਦਾਰ ਪ੍ਰਦਰਸ਼ਨ ਦੇ ਬਾਵਜੂਦ, ਭਾਰਤ 184 ਦੌੜਾਂ ਨਾਲ ਮੈਚ ਹਾਰ ਗਿਆ। ਇਸ ਸਮੇਂ ਦੌਰਾਨ, ਉਹ ਟੈਸਟ ਕ੍ਰਿਕਟ ਵਿੱਚ 20 ਤੋਂ ਘੱਟ ਦੀ ਔਸਤ ਨਾਲ 200 ਵਿਕਟਾਂ ਪੂਰੀਆਂ ਕਰਨ ਵਾਲਾ ਪਹਿਲਾ ਗੇਂਦਬਾਜ਼ ਬਣਿਆ। ਭਾਰਤ ਬਾਰਡਰ-ਗਾਵਸਕਰ ਟਰਾਫੀ 1-3 ਨਾਲ ਹਾਰ ਗਿਆ ਪਰ ਬੁਮਰਾਹ ਦੌਰੇ ‘ਤੇ ਦੋਵਾਂ ਟੀਮਾਂ ਦਾ ਸਭ ਤੋਂ ਪ੍ਰਭਾਵਸ਼ਾਲੀ ਖਿਡਾਰੀ ਸੀ।

# ਧਾਮੀ ਵੱਲੋਂ ਸੋਸ਼ਲ ਮੀਡੀਆ ਅਕਾਊਂਟ ‘ਤੇ ਰਾਸ਼ਟਰੀ ਖੇਡਾਂ ਦਾ ਲੋਗੋ ਲਗਾਉਣ ਦੀ ਅਪੀਲ



ਦੇਹਰਾਦੂਨ- ਰਾਸ਼ਟਰੀ ਖੇਡਾਂ ਦੀਆਂ ਤਿਆਰੀਆਂ ਦੇ ਵਿਚਕਾਰ, ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਮੰਗਲਵਾਰ ਨੂੰ ਰਾਜ ਦੇ ਲੋਕਾਂ ਨੂੰ ਦੇਵਭੂਮੀ ਆ ਰਹੇ ਖਿਡਾਰੀਆਂ ਦਾ ਸਵਾਗਤ ਕਰਨ ਲਈ ਵੱਖ-ਵੱਖ ਸੋਸ਼ਲ ਮੀਡੀਆ ਅਕਾਊਂਟ ਦੇ ਡੀਪੀ ‘ਤੇ ਸਮੂਹਿਕ ਤੌਰ ‘ਤੇ ਰਾਸ਼ਟਰੀ ਖੇਡਾਂ ਦੀ ਤਸਵੀਰ ਲਗਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਰਾਸ਼ਟਰੀ ਖੇਡਾਂ ਦੀ ਮੇਜ਼ਬਾਨੀ ਦਾ ਸੂਬੇ ਨੂੰ ਜੋ ਮਾਣ ਮਿਲਿਆ ਹੈ, ਉਹ ਇਤਿਹਾਸਕ ਹੈ। ਆਉਣ ਵਾਲੀਆਂ ਰਾਸ਼ਟਰੀ ਖੇਡਾਂ ਵਿੱਚ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਤੋਂ ਲਗਭਗ 10,000 ਖਿਡਾਰੀ ਦੇਵਭੂਮੀ ਆ ਰਹੇ ਹਨ।

ਸ਼੍ਰੀ ਧਾਮੀ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ‘ਅਤਿਥੀ ਦੇਵੋ ਭਵ’ ਦੀ ਸਾਡੀ ਸੰਸਕ੍ਰਿਤੀ ਦੀ ਪਾਲਣਾ ਕਰਨ ਅਤੇ ਸਾਰੇ ਖਿਡਾਰੀਆਂ ਦਾ ਨਿੱਘਾ ਸਵਾਗਤ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਦੇ ਸੋਸ਼ਲ ਮੀਡੀਆ ਅਕਾਊਂਟ ਦੇ ਡੀਪੀ ‘ਤੇ ਰਾਸ਼ਟਰੀ ਖੇਡਾਂ ਦਾ ਲੋਗੋ ਲਗਾਉਣ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਸਮੂਹਿਕ ਤੌਰ ‘ਤੇ ਸਾਰੇ ਖਿਡਾਰੀਆਂ ਦਾ ਸਵਾਗਤ ਕਰਨਗੇ।

ਆਉਣ ਵਾਲੀਆਂ ਰਾਸ਼ਟਰੀ ਖੇਡਾਂ ਨੂੰ ਵਿਸ਼ੇਸ਼ ਅਤੇ ਇਤਿਹਾਸਕ ਬਣਾਉਣ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡਾ ਫਰਜ਼ ਹੈ ਕਿ ਦੇਵਭੂਮੀ ਆਉਣ ਵਾਲੇ ਖਿਡਾਰੀ ਸਾਡੇ ਰਾਜ ਤੋਂ ਬਿਹਤਰ ਯਾਦਾਂ ਅਤੇ ਅਨੁਭਵ ਲੈ ਕੇ ਜਾਣ। ਉਨ੍ਹਾਂ ਕਿਹਾ ਕਿ ਇਹ ਰਾਸ਼ਟਰੀ ਖੇਡਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 21ਵੀਂ ਸਦੀ ਦੇ ਤੀਜੇ ਦਹਾਕੇ ਨੂੰ ਉੱਤਰਾਖੰਡ ਦਾ ਦਹਾਕਾ ਬਣਾਉਣ ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਵੀ ਮਦਦਗਾਰ ਸਾਬਤ ਹੋਣਗੀਆਂ।

# “ਹਿੰਦੀ ਸਾਡੀ ਰਾਸ਼ਟਰੀ ਭਾਸ਼ਾ ਨਹੀਂ”... ਕ੍ਰਿਕਟਰ ਰਵੀਚੰਦਰਨ ਅਸ਼ਵਿਨ ਦੇ ਬਿਆਨ ਛੇੜਿਆ ਵਿਵਾਦ



ਭਾਰਤੀ ਕ੍ਰਿਕਟ ਟੀਮ ਨੂੰ ਆਸਟ੍ਰੇਲੀਆ ਖਿਲਾਫ 5 ਮੈਚਾਂ ਦੀ ਟੈਸਟ ਸੀਰੀਜ਼ ‘ਚ 1-3 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਹਾਰ ਕਾਰਨ ਭਾਰਤੀ ਟੀਮ 10 ਸਾਲ ਬਾਅਦ ਬਾਰਡਰ-ਗਾਵਸਕਰ ਟਰਾਫੀ (ਬੀਜੀਟੀ) ਹਾਰ ਗਈ।

ਇਸੇ ਦੌਰਾਨ ਸਟਾਰ ਸਪਿਨਰ ਰਵੀਚੰਦਰਨ ਅਸ਼ਵਿਨ ਨੇ ਆਸਟ੍ਰੇਲੀਆ ਦੌਰੇ ਦੌਰਾਨ ਅੰਤਰਰਾਸ਼ਟਰੀ ਕ੍ਰਿਕਟ ਨੂੰ ਅਲਵਿਦਾ ਕਹਿ ਦਿੱਤਾ ਸੀ। ਅਸ਼ਵਿਨ ਦੇ ਇਸ ਫੈਸਲੇ ਤੋਂ ਪ੍ਰਸ਼ੰਸਕ ਹੈਰਾਨ ਹਨ। ਅਸ਼ਵਿਨ ਗਾਬਾ ਟੈਸਟ ਤੋਂ ਬਾਅਦ ਆਸਟ੍ਰੇਲੀਆ ਤੋਂ ਘਰ ਪਰਤਿਆ ਸੀ।

ਹੁਣ ਰਵੀਚੰਦਰਨ ਅਸ਼ਵਿਨ ਨੇ ਅਜਿਹਾ ਬਿਆਨ ਦਿੱਤਾ ਹੈ, ਜਿਸ ਕਾਰਨ ਹੰਗਾਮਾ ਖੜ੍ਹਾ ਹੋ ਗਿਆ ਹੈ। ਚੇਨਈ ਸਥਿਤ ਇੰਜੀਨੀਅਰਿੰਗ ਕਾਲਜ ਦੇ ਪ੍ਰੋਗਰਾਮ ‘ਚ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਅਸ਼ਵਿਨ ਨੇ ਕਿਹਾ ਕਿ ਹਿੰਦੀ ਭਾਰਤ ਦੀ ਰਾਸ਼ਟਰੀ ਭਾਸ਼ਾ ਨਹੀਂ ਹੈ। ਅਸ਼ਵਿਨ ਦੇ ਇਸ ਬਿਆਨ ਨੇ ਇੱਕ ਵਾਰ ਫਿਰ ਭਾਸ਼ਾ ਨੂੰ ਲੈ ਕੇ ਬਹਿਸ ਛੇੜ ਦਿੱਤੀ ਹੈ। ਅਸ਼ਵਿਨ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਪੁੱਛਿਆ ਕਿ ਕੀ ਕੋਈ ਹਿੰਦੀ ਵਿੱਚ ਸਵਾਲ ਪੁੱਛਣ ਵਿੱਚ ਦਿਲਚਸਪੀ ਰੱਖਦਾ ਹੈ, ਜਿਸ ਵਿੱਚ ਕਿਸੇ ਨੇ ਦਿਲਚਸਪੀ ਨਹੀਂ ਦਿਖਾਈ।ਇਸ ਤੋਂ ਬਾਅਦ ਅਸ਼ਵਿਨ ਨੇ ਕਿਹਾ, ‘ਮੈਂ ਸੋਚਿਆ ਕਿ ਮੈਨੂੰ ਇਹ ਕਹਿਣਾ ਚਾਹੀਦਾ ਹੈ। ਹਿੰਦੀ ਸਾਡੀ ਰਾਸ਼ਟਰੀ ਭਾਸ਼ਾ ਨਹੀਂ ਹੈ, ਇਹ ਸਰਕਾਰੀ ਭਾਸ਼ਾ ਹੈ।




# ਨਿਊਜ਼ੀਲੈਂਡ ਨੇ ਚੈਂਪੀਅਨਸ ਟਰਾਫੀ ਲਈ ਚੁਣੀ ਟੀਮ



ਚੈਂਪੀਅਨਸ ਟਰਾਫੀ 2025 ਦੀ ਮੇਜ਼ਬਾਨੀ 19 ਫਰਵਰੀ ਤੋਂ ਪਾਕਿਸਤਾਨ ਵਿੱਚ ਹੋਣੀ ਹੈ। ਨਿਊਜ਼ੀਲੈਂਡ ਇਸ ਆਈਸੀਸੀ ਟੂਰਨਾਮੈਂਟ ਲਈ ਟੀਮ ਦਾ ਐਲਾਨ ਕਰਨ ਵਾਲੀ ਪਹਿਲੀ ਟੀਮ ਬਣ ਗਈ ਹੈ। ਉਨ੍ਹਾਂ ਨੇ 15 ਮੈਂਬਰੀ ਟੀਮ ਦਾ ਐਲਾਨ ਕੀਤਾ ਹੈ, ਜਿਸ ਦੀ ਕਮਾਨ ਮਿਸ਼ੇਲ ਸੈਂਟਨਰ ਦੇ ਹੱਥ ਹੈ। ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਟ੍ਰੇਂਟ ਬੋਲਟ ਨੂੰ ਟੀਮ ‘ਚ ਜਗ੍ਹਾ ਨਹੀਂ ਮਿਲੀ ਹੈ। ਇੱਕ ਹੋਰ ਖਾਸ ਗੱਲ ਇਹ ਹੈ ਕਿ ਇਸ ਵਿਚ ਅਜਿਹੇ ਤਿੰਨ ਖਿਡਾਰੀ ਵੀ ਸ਼ਾਮਿਲ ਹਨ ਜੋ ਪਹਿਲੀ ਵਾਰ ਸੀਨੀਅਰ ਪੱਧਰ ‘ਤੇ ਆਈਸੀਸੀ ਟੂਰਨਾਮੈਂਟ ਵਿਚ ਖੇਡਦੇ ਹੋਏ ਨਜ਼ਰ ਆਉਣਗੇ। ਇਹ ਤਿੰਨੇ ਖਿਡਾਰੀ ਟੀਮ ਦੇ ਤੇਜ਼ ਗੇਂਦਬਾਜ਼ ਹਨ, ਜਿਨ੍ਹਾਂ ਦੇ ਨਾਂ ਬੇਨ ਸੀਅਰਸ, ਵਿਲੀਅਮ ਓ'ਰੂਰਕੇ ਅਤੇ ਨਾਥਨ ਸਮਿਥ ਹੈ।

2017 ਤੋਂ ਬਾਅਦ ਪਹਿਲੀ ਵਾਰ ਆਈਸੀਸੀ ਚੈਂਪੀਅਨਜ਼ ਟਰਾਫੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਅਜਿਹੇ ‘ਚ ਟੀਮ ਦੇ ਕਪਤਾਨ ਮਿਸ਼ੇਲ ਸੈਂਟਨਰ ਲਈ ਵੀ ਆਈਸੀਸੀ ਦੇ ਕਿਸੇ ਈਵੈਂਟ ‘ਚ ਕਪਤਾਨੀ ਕਰਨ ਦਾ ਇਹ ਪਹਿਲਾ ਮੌਕਾ ਹੋਵੇਗਾ। ਮਤਲਬ ਚੁਣੌਤੀ ਵੱਡੀ ਹੋਵੇਗੀ। ਸੈਂਟਨਰ ਨੂੰ ਹਾਲ ਹੀ ਵਿੱਚ ਨਿਊਜ਼ੀਲੈਂਡ ਦਾ ਵ੍ਹਾਈਟ ਗੇਂਦ ਦਾ ਕਪਤਾਨ ਬਣਾਇਆ ਗਿਆ ਹੈ। ਸੈਂਟਨਰ ਨੂੰ 2017 ਦੀ ਚੈਂਪੀਅਨਸ ਟਰਾਫੀ ਵਿੱਚ ਇੱਕ ਖਿਡਾਰੀ ਦੇ ਰੂਪ ਵਿੱਚ ਖੇਡਦੇ ਦੇਖਿਆ ਗਿਆ ਸੀ।

ਕਪਤਾਨ ਮਿਸ਼ੇਲ ਸੈਂਟਨਰ ਤੋਂ ਇਲਾਵਾ ਕੇਨ ਵਿਲੀਅਮਸਨ ਅਤੇ ਟੌਮ ਲੈਥਮ ਵੀ ਟੀਮ ਵਿੱਚ ਦੋ ਅਜਿਹੇ ਖਿਡਾਰੀ ਹਨ ਜਿਨ੍ਹਾਂ ਨੂੰ ਚੈਂਪੀਅਨਜ਼ ਟਰਾਫੀ ਵਿੱਚ ਖੇਡਣ ਦਾ ਤਜਰਬਾ ਹੈ। ਸੈਂਟਨਰ ਦੀ ਤਰ੍ਹਾਂ ਇਹ ਦੋਵੇਂ 2017 ਦੇ ਐਡੀਸ਼ਨ ‘ਚ ਵੀ ਖੇਡ ਚੁੱਕੇ ਹਨ।

ਕੇਨ ਵਿਲੀਅਮਸਨ 2013 ਦੀ ਚੈਂਪੀਅਨਸ ਟਰਾਫੀ ਵੀ ਖੇਡ ਚੁੱਕੇ ਹਨ। ਮਤਲਬ, ਵਿਲੀਅਮਸਨ ਚੈਂਪੀਅਨਜ਼ ਟਰਾਫੀ ਲਈ ਚੁਣੀ ਗਈ ਟੀਮ ਦਾ ਸਭ ਤੋਂ ਤਜਰਬੇਕਾਰ ਖਿਡਾਰੀ ਹੈ।

ਟੀਮ ਦੀ ਗੱਲ ਕਰੀਏ ਤਾਂ ਬੱਲੇਬਾਜ਼ੀ ‘ਚ ਟਾਪ ਆਰਡਰ ‘ਚ ਰਚਿਨ ਰਵਿੰਦਰਾ, ਡੇਵੋਨ ਕੋਨਵੇ, ਵਿਲ ਯੰਗ ਵਰਗੇ ਬੱਲੇਬਾਜ਼ ਹਨ। ਜਿਸ ਨੂੰ ਡੈਰਿਲ ਮਿਸ਼ੇਲ ਅਤੇ ਮਾਰਕ ਚੈਪਮੈਨ ਮੱਧ ਕ੍ਰਮ ਵਿੱਚ ਆਪਣੀ ਪਾਵਰ ਹਿਟਿੰਗ ਨਾਲ ਸਮਰਥਨ ਕਰਦੇ ਨਜ਼ਰ ਆਉਣਗੇ।

ਜਦਕਿ ਗੇਂਦਬਾਜ਼ੀ ‘ਚ ਮੈਟ ਹੈਨਰੀ ਅਤੇ ਲਾਕੀ ਫਰਗੂਸਨ ਮੁੱਖ ਤੌਰ ‘ਤੇ ਤੇਜ਼ ਗੇਂਦਬਾਜ਼ੀ ਦੀ ਜ਼ਿੰਮੇਵਾਰੀ ਨਿਭਾਉਂਦੇ ਨਜ਼ਰ ਆਉਣਗੇ। ਸਪਿਨ ਵਿਭਾਗ ਨੂੰ ਸੰਭਾਲਣ ਲਈ ਆਲਰਾਊਂਡਰ ਕਪਤਾਨ ਮਿਸ਼ੇਲ ਸੈਂਟਨਰ ਮੌਜੂਦ ਹਨ। ਉਨ੍ਹਾਂ ਤੋਂ ਇਲਾਵਾ ਗਲੇਨ ਫਿਲਿਪਸ, ਮਾਈਕਲ ਬ੍ਰੇਸਵੈਲ ਵੀ ਹਨ।

# WHITE ROSE BUILDERS

*We do not build houses, We create homes...*

## Proudly Celebrating

# 20 Years in Business



# DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED